Digitized by Arya Samaj Foundation Chennai and eGangotri

ਰਿਆਸਤ ਪਟਿਆਲਾ ਦੀਆਂ

ਤਾਰੀਖ਼ੀ ਕਹਾਣੀਆਂ

ਭ: ਮਨੀ ਸਿੰਘ ਦਿਆਲ ਸਿੰਘ ਪਬਲਿਸ਼ਰ ਪਟਿਆਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्

पुस्तक संख्या .....

पञ्जिका संख्या .....

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਆਸਤ ਪਟਿਆਲਾ

ਦੀਆਂ

ਤਾਰੀਖੀ ਕਹਾਣੀਆਂ

ਪ੍ਰਕਾਸ਼ਕ

ਮਨੀ ਸਿੰਘ ਦਿਆਲ ਸਿੰਘ

ਪਬਲਿਸ਼ਰ ਪਟਿਆਲਾ

CHECKED 1973

ਇਹ ਕਿਤਾਬ ਮਹਿੰਦਰਾ ਪਰਿੰਟਿੰਗ ਪ੍ਰੈਸ,
ਪਟਿਆਲਾ ਵਿਚ ਛਪੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਸਵੀਰਾਂ ਦਾ ਵੇਰਵਾ

ਮਹਾਰਾਜਾ ਯਾਦਵਿੰਦਰ ਸਿੰਘ ਸਾਹਿਬ ਬਹਾਦਰ ੩

ਮਹਾਰਾਜਾ ਆਲਾ ਸਿੰਘ ਸਾਹਿਬ ਬਹਾਦਰ ੯

ਮਹਾਰਾਜਾ ਅਮਰ ਸਿੰਘ ਸਾਹਿਬ ਬਹਾਦਰ ੨੧

ਮਹਾਰਾਜਾ ਸਾਹਿਬ ਸਿੰਘ ਸਾਹਿਬ ਬਹਾਦਰ ੪੩

ਮਹਾਰਾਜਾ ਕਰਮ ਸਿੰਘ ਸਾਹਿਬ ਬਹਾਦਰ ੪੯

ਮਹਾਰਾਜਾ ਨਰਿੰਦਰ ਸਿੰਘ ਸਾਹਿਬ ਬਹਾਦਰ ੬੩

ਮਹਾਰਾਜਾ ਮਹਿੰਦਰ ਸਿੰਘ ਸਾਹਿਬ ਬਹਾਦਰ ੮੩

ਮਹਾਰਾਜਾ ਰਾਜਿੰਦਰ ਸਿੰਘ ਸਾਹਿਬ ਬਹਾਦਰ ੯੩

ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਬਹਾਦਰ ੯੭

ਮਹਾਰਾਜਾ ਯਾਦਵਿੰਦਰ ਸਿੰਘ ਸਾਹਿਬ ਬਹਾਦਰ ੧੧

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧ੴ ਸਤਿਗੁਰ ਪ੍ਰਸਾਦਿ ॥

ਭੂਮਿਕਾ

ਇਸ ਗੁਣ ਕਾਰ ਤੇ ਹਰ ਮਨ ਪਿਆਰੀ ਪੁਸਤਕ ਦੇ ਕਰਤਾ ਮੌਲਵੀ ਮੁਹੰਮਦ ਨਜ਼ੀਰ ਅਹਿਮਦ ਨਜ਼ੀਰ ਸੈਫ਼ਾਬਾਦੀ ਤੇ ਸ਼ੇਖ ਮੁਹੰਮਦ ਸ਼ਫ਼ੀ ਪੈਨਸ਼ਨਰ ਰਿਕਾਰਡ ਕੀਪਰ ਦੇ ਨਾਓ ਤੋਂ ਰਿਆਸਤ ਪਟਿਆਲਾ ਦੇ ਉਰਦੂ ਤੇ ਫ਼ਾਰਸੀ ਪੜ੍ਹੇ ਲਿਖੇ ਸਜਣ ਚੰਗੀ ਤਰਾਂ ਸਿਆਣੂ ਹਨ

ਮੌਲਵੀ ਸਾਹਿਬ ਕੇਵਲ ਰਿਆਸਤ ਫਟਿਆਲੇ ਵਿਚ ਹੀ ਉਘੇ ਨਹੀਂ ਸਗੋਂ ਬਾਹਰ ਹਿੰਦੁਸਤਾਨ ਦੇ ਕੋਨੇ ਕੋਨੇ ਵਿਖੇ ਪੜ੍ਹੇ ਲਿਖੇ ਸਜਣ ਇਨਾਂ ਨੂੰ ਭਲੀ ਭਾਂਤੀ ਜਾਣਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣੇ ਹੀ ਪੰਜਾਬ ਦੀ ਸਭ ਤੋਂ ਵੱਡੀ ਅੰਜਮਨ ਹਿਆਮਤ ਇਸਲਾਮੀਆਂ ਦੀ ਗੋਲਡਨ ਜੁਬਲੀ ਦੇ ਸਮੇਂ ਇਕ ਆਲ ਇੰਡੀਆ ਕਵੀ ਦਰਬਾਰ ਹੋਇਆ ਜਿਸ ਵਿਚ ਕਵਤਾਵਾਂ ਦਾ ਇਨਾਮੀ ਮੁਕਾਬਲਾ ਕੀਤਾ ਗਿਆ। ਸਾਰੇ ਹਿੰਦੁਸਤਾਨ ਦੇ ਉਘੇ ਉਰਦੂ ਕਵੀਆਂ ਦੀ ਭਾਰੀ ਗਿਣਤੀ ਤੇ ਚੌਦਾਂ ਪੰਦਰਾਂ ਹਜ਼ਾਰ ਸਰੋਤਿਆਂ ਦੀ ਇਕਤ੍ਰਤਾ ਵਿਚ ਵਜ਼ੀਰ ਸਾਹਿਬ ਨੂੰ ਅੱਵਲ ਦਰਜੇ ਦਾ ਇਨਾਮ ਸੁਨਹਿਰੀ ਤਮਗ਼ਾ ਮਿਲਿਆ।

ਦੂਜੇ ਸੱਜਣ ਸ਼ੇਖ ਮੁਹੰਮਦ ਸ਼ਫ਼ੀ ਤੋਂ ਭੀ ਰਿਆ-ਸਤ ਪਟਿਆਲਾ ਦੇ ਸਾਰੇ ਅਫ਼ਸਰ ਚੰਗੀ ਤਰਾਂ ਜਾਣੂ ਹਨ ਤੇ ਇਨਾਂ ਦੀ ਇਤਿਹਾਸਿਕ ਖੋਜਾਂ ਤੋਂ ਸਭ ਸਿਆਣੂ ਹਨ।

ਆਮ ਜਨਤਾ ਦੇ ਜ਼ਹਿਰੀਲੇ ਦਿਲੀ ਅਸਰਾਂ ਨੂੰ ਦੂਰ ਕਰਨ ਹਿਤ ਇਨ੍ਹਾਂ ਨੇ ਇਹ ਕਿਤਾਬ ਵਡੀ ਮਿਹਨਤ ਨਾਲ ਤਿਆਰ ਕੀਤੀ ਹੈ ਕਿਉਂਕਿ ਇਹ ਕਿਤਾਬ ਰਿਆ-ਸਤ ਪਟਿਆਲਾ ਦੇ ਹਰ ਇਕ ਵਸਨੀਕ ਲਈ ਅੱਛੀ ਹੈ।

ਇਸ ਲਈ ਯੋਗ ਤੇ ਜ਼ਰੂਰੀ ਸਮਝਿਆ ਗਿਆ ਕਿ ਇਸਦਾ ਪੰਜਾਬੀ ਉਲਥਾ ਕਰ ਦਿਤਾ ਜਾਵੇ ਤਾ ਕਿ ਫੌਜ, ਪੁਲਿਸ ਆਦਿਕ ਮਹਿਕਮਿਆਂ ਦੇ ਗੁਰਮੁਖੀ ਪੜ੍ਹੇ ਲਿਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੌਕਰ, ਪ੍ਰਾਇਮਰੀ ਕਲਾਸਾਂ ਦੇ ਵਿਦਯਾਰਥੀ, ਪਿੰਡਾਂ ਦੇ ਨੰਬਰਦਾਰ ਤੇ ਜ਼ੈਲਦਾਰ ਭੀ ਇਸਨੂੰ ਆਪ ਪੜ੍ਹ ਸੱਕਣ।

ਕਲਮ ਦਾ ਉਹ ਜ਼ੋਰ, ਜਿਹੜਾ ਕਰਤਿਆਂ (ਮੁਸੱਨਫੀਨ) ਨੇ ਉਰਦੂ ਵਿਚ ਪ੍ਰਗਟ ਕੀਤਾ ਹੈ, ਉਹ ਇਨ੍ਹਾਂ ਦਾ ਹੀ ਹਿੱਸਾ ਹੈ। ਮੈਂ ਤਾਂ ਕੇਵਲ ਇਹ ਯਤਨ ਕੀਤਾ ਹੈ ਕਿ ਜਿੱਥੋਂ ਤੀਕ ਹੋ ਸਕੇ, ਕਰਤਿਆਂ ਦੇ ਖਿਆਲਾਂ ਦੇ ਭਾਵਾਂ ਨੂੰ ਇੰਨ ਬਿੰਨ ਨਿਭਾਇਆ ਜਾਵੇ।

ਇਸ ਲਈ ਔਖੀ ਤੇ ਠੇਠ ਬੋਲੀ ਤੋਂ ਦੁਰੇਡੇ ਰਹਿੰਦੇ ਹੋਇਆਂ ਸਾਧਾਰਨ ਤੇ ਹਰ ਰੋਜ਼ ਵਰਤੋਂ ਵਿਚ ਆਉਣ ਵਾਲੀ ਸੌਖ ਬੋਲੀ ਵਰਤੀ ਹੈ। ਤੇ ਕਈ ਥਾਵਾਂ ਪਰ ਨਿੱਕੇ ਨਿੱਕੇ ਉਰਦੂ ਦੇ ਵਾਕ ਇੰਨ ਬਿੰਨ ਪੰਜਾਬੀ ਅਖਰਾਂ ਵਿਚ ਲਿਖ ਦਿੱਤੇ ਹਨ॥

ਫਤੇ ਸਿੰਘ ਰਾਜਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਨੰ:	ਨਾਮ ਲੇਖ	ਪੰਨਾ
੧.	ਪਰਜਾ ਪਾਲਕ	੯
੨.	ਬਿਨ ਗਿਣੇ ਰੁਪਿਆਂ ਦੇ ਬਦਲੇ ਬਿਨ ਗਿਣੇ ਪਿੰਡ	੧੫
੩.	ਬੰਦੀ ਛੋੜ ਮਹਾਰਾਜਾ	੨੦
੪.	ਸੱਚੀ ਬਹਾਦਰੀ	੨੬
੫.	ਗਰੀਬ ਨਿਵਾਜ਼	੩੨
੬.	ਮਰਹੱਟਿਆਂ ਦੀ ਹਾਰ	੩੭
੭.	ਦਯਾਵਾਨ ਮਹਾਰਾਜਾ	੪੩
੮.	ਕਲਕਤੇ ਦਾ ਦਰਬਾਰ	੪੮
੯.	ਸੁਧਾਰਕ ਤੇ ਨੀਤੀਵੇਤਾ	੫੪
੧੦.	ਦੂਰ ਦਰਸ਼ੀ ਮਹਾਰਾਜਾ	੩੨
੧੧.	ਘਿਓ ਦੀ ਚੋਰੀ	੩੭

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੨: ਦਾਤਾ ਤੇ ਪਰਉਪਕਾਰੀ ਮਹਾਰਾਜਾ ੭੨

੧੩: ਦੋ ਸ਼ੁਭ ਸਤਾਰੇ ੭੭

੧੪: ਮਹਾਰਾਜਾ ਮਹਿੰਦਰ ਸਿੰਘ ਦੀ ਉਦਾਰਤਾ ਤੇ ਰਹਿਮ ਦਿਲੀ ੮੩

੧੫: ਉਦਾਰਤਾ ਤੇ ਸਮੁੰਦਰ ੮੮

੧੬: ਸੱਚਾ ਸਿਪਾਹੀ ੯੩

੧੭: ਗੁਣਾਂ ਦਾ ਪੁੰਜ ੯੭

੧੮: ਪਿਆਰਾ ਮਹਾਰਾਜਾ ੧੦੨

੧੯: ਹਮਦਰਦੀ ਦੀ ਉਘੀ ਮਿਸਾਲ ੧੦੮

੨੦: ਜਵਾਂ ਹਿੰਮਤ ਮਹਾਰਾਜਾ ੧੧੩

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ ਸਤਿਗੁਰ ਪ੍ਰਸਾਦਿ ॥

ਪਰਜਾ ਪਾਲਕ

ਮਹਾਰਾਜਾ ਬਾਬਾ ਆਲਾ ਸਿੰਘ ਸਾਹਿਬ, ਰਿਆਸਤ ਪਟਿਆਲਾ ਦੇ ਮੋਢੀ, ਵੱਡੇ ਬਹਾਦਰ ਤੇ ਨੇਕ ਦਿਲ ਮਹਾਰਾਜਾ ਸਨ। ਆਪ ਦੀ ਬਹਾਦਰੀ ਤਾਂ ਇਸੀ ਤੋਂ ਪ੍ਰਗਟ ਹੁੰਦੀ ਹੈ ਕਿ ਆਪ ਨੇ ਇਕ ਨਵੀਂ ਰਿਆਸਤ ਦੀ ਨੀਂਹ ਰੱਖੀ ਸੀ। ਆਪ ਦੇ ਨੇਕ ਕੰਮ ਤੇ ਚੰਗੇ ਆਚਾਰਣ ਅੱਗੇ ਲਿਖੀ ਕਹਾਣੀ ਤੋਂ ਪ੍ਰਗਟ ਹੋਣਗੇ। ਪੜ੍ਹਨ ਵਾਲਿਆਂ ਨੂੰ ਇਸ ਕਹਾਣੀ ਤੋਂ ਪਤਾ ਲਗ ਜਾਵੇਗਾ ਕਿ ਰਿਆਸਤ ਪਟਿਆਲਾ ਦੀ ਨੀਂਹ ਰਖਣ ਵਾਲਾ ਸਾਧਾਰਣ ਦਿਲ ਤੇ ਹਿੰਮਤ ਵਾਲਾ ਮਨੁਸ਼ ਨਹੀਂ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਟਿਆਲਾ ਵਸੱਣ ਤੋਂ ਪਹਿਲਾਂ ਮਹਾਰਾਜਾ ਬਾਬਾ ਆਲਾ ਸਿੰਘ, ਇਕ ਵੇਰ ਲੌਂਗੋਵਾਲ ਵਿਖੇ ਠਹਿਰੇ ਹੋਏ ਸਨ। ਆਪ ਦੇ ਉਚੇ ਮਕਾਨ ਦੇ ਨੇੜੇ ਹੀ ਇਕ ਤਰਖਾਣ ਦਾ ਛੋਟਾ ਜਿਹਾ ਘਰ ਸੀ। ਇਕ ਦਿਨ ਗਰਮੀ ਦੀ ਰੁਤ, ਸਵੇਰ ਦੇ ਵੇਲੇ ਮਹਾਰਾਜਾ ਸਾਹਿਬ ਆਉਣੇ ਮਕਾਨ ਦੀ ਛਤ ਪਰ ਬੈਠੇ ਸਨ। ਤੜਕੇ ਦੀ ਠੰਡੀ ਹਵਾ ਦੇ ਝੋਕੇ ਆ ਰਹੇ ਸਨ। ਸੂਰਜ ਅਜੇ ਨਹੀਂ ਨਿਕਲਿਆ ਸੀ ਕਿ ਪਿੰਡ ਦੇ ਲੋਕ ਖੂਹ ਵਿਚੋਂ ਪਾਣੀ ਭਰ ੨ ਕੇ ਆਪਣੇ ੨ ਘਰਾਂ ਨੂੰ ਲੈ ਜਾ ਰਹੇ ਸਨ ਤੇ ਕਈ ਬੈਲਾਂ ਨੂੰ ਲਈ ਆਪਣੇ ਖੇਤਾਂ ਵਲ ਜਾ ਰਹੇ ਸਨ। ਬਹੁਤ ਸਾਰੇ ਅਜੇਹੇ ਬੇ ਫਿਕਰ ਭੀ ਸਨ ਜਿਹੜੇ ਅਜੇ ਘੁਰਾੜੇ ਹੀ ਮਾਰ ਰਹੇ ਸਨ। ਇਕ ਵੇਰ ਹੀ ਪਾਸ ਦੀ ਗਲੀ ਵਿਚੋਂ ਕੁਝ ਪਿੰਡ ਵਾਲੇ ਕਿਸੇ ਝਗੜੇ ਦੀ ਬਾਬਤ ਉਚੀ ੨ ਅਵਾਜ਼ਾਂ ਨਾਲ ਬੋਲਣ ਲਗ ਪਏ। ਕਿਉਂਕਿ ਇਹ ਵਡੇ ਹੌਲੇ ਗੌਲੇ ਦਾ ਸਮਾ ਸੀ, ਮਹਾਰਾਜਾ ਸਾਹਿਬ ਇਸ ਪਾਸੇ ਵਲ ਵੇਖਣ ਲਗੇ। ਅਜੇ ਉਧਰ ਧਿਆਨ ਹੀ ਕੀਤਾ ਸੀ ਕਿ ਮਹਾਰਾਜਾ ਦੀ ਨਿਗਾਹ ਇਕ ਤਰਖਾਣ ਦੇ ਵਿਹੜੇ ਵਲ ਜਾ ਪਈ। ਏਥੇ ਕੀ ਵੇਖਦੇ ਹਨ ਕਿ ਇਸ ਤਰਖਾਣ ਦੀ ਜਵਾਨ ਕੁੜੀ ਵੇਹੜੇ ਦੇ ਇਕ ਕੋਠੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਬੈਠੀ ਨੂੰ ਰਹੀ ਸੀ। ਮਹਾਰਾਜਾ ਨੇ ਛੇਤੀ ਹੀ ਆਪਣੀ ਨਿਗਾਹ ਮੋੜੀ ਤੇ ਕੋਠੇ ਤੋਂ ਹੇਠਾਂ ਅਪਣੇ ਵਿਹੜੇ ਵਿਚ ਉਤਰ ਆਈ। ਇਸ ਵੇਲੇ ਆਪਦਾ ਦਿਲ ਧਰਮ ਦੀ ਨੂਰਾਨੀ ਕਿਰਨਾਂ ਨਾਲ ਚਮਕ ਰਿਹਾ ਸੀ। ਆਪ ਦੀਆਂ ਅੱਖਾਂ ਨੇਕੀ ਤੇ ਪਰਉਪਕਾਰ ਦੀ ਰੋਸ਼ਨੀ ਨਾਲ ਸਤਾਰਿਆਂ ਵਤ ਚਮਕ ਰਹੀਆਂ ਸਨ। ਆਪਦੇ ਕੰਨ ਪਰਮਾਤਮਾਂ ਦੀ ਗੈਬੀ ਆਵਾਜ਼ ਨੂੰ ਧਿਆਨ ਨਾਲ ਸੁਣ ਰਹੇ ਸਨ। ਆਪਦਾ ਦਿਮਾਗ ਨੇਕੀ ਤੇ ਬਦੀ ਦਾ ਨਿਰਣਾ ਕਰ ਰਹਿਆ ਸੀ। ਆਪਦੀ ਪਾਕ ਰੂਹ ਦੇਵਤਿਆਂ ਤੇ ਫਰਿਸ਼ਤਿਆਂ ਨੂੰ ਮਨੁਸ਼ ਦੀ ਸ਼ਾਨ ਵਿਖਾ ਰਹੀ ਸੀ। ਥੋੜਾ ਚਿਰ ਆਪ ਮਕਾਨ ਦੀ ਛੱਤ ਦੇ ਵੇਹੜੇ ਵਿਚ ਕੁਝ ਸੋਚਦੇ ਰਹੇ ਤੇ ਫੇਰ ਮਕਾਨ ਤੋਂ ਬਹਾਰ ਨਿਕਲੇ। ਇਸ ਵੇਲੇ ਇਨ੍ਹਾਂ ਦਾ ਦਿਲ ਵਾਹਿਗੁਰੂ ਵਲ ਤੇ ਕਦਮ ਤਰਖਾਣ ਵਲ ਜਾ ਰਿਹਾ ਸੀ। ਅਜੇ ਦਰਵਾਜੇ ਤੇ ਹੀ ਪੁੱਜੇ ਸਨ ਕਿ ਤਰਖਾਣ ਮਹੱਲੇ ਦੇ ਖੂਹੋ ਤੋਂ ਨ੍ਹਾ ਧੋਕੇ ਪਾਣੀ ਦਾ ਘੜਾ ਲਈ ਘਰ ਆ ਪਹੁੰਚਿਆ ਇਸ ਨੇ ਘੜਾ ਚਬੂਤਰੇ ਤੇ ਰਖ ਕੇ, ਦੋਵੇਂ ਹੱਥ ਜੋੜ, ਮਹਾਰਾਜਾ ਸਾਹਿਬ ਨੂੰ ਨਿਮਸ਼ਕਾਰ ਕੀਤੀ ਤੇ ਅਰਜ਼ ਕਰਨ ਲੱਗਾ:—

ਤਰਖਾਣ:—ਹਜ਼ੂਰ ਅੱਜ ਸਵੇਰੇ ਹੀ ਦਾਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰੀਬਖਾਨੇ ਤੇ ਆ ਕੇ ਵੱਡੀ ਕਿਰਪਾ ਕੀਤੀ ਹੈ।

ਮਹਾਰਾਜ ਸਾਹਿਬ:– ਮੈਂ ਇਸ ਵੇਲੇ ਤੇਰੇ ਨਾਲ ਇਕ ਜ਼ਰੂਰੀ ਕੰਮ ਲਈ ਆਇਆ ਹਾਂ।

ਤਲਖਾਣ:–ਫੁਰਮਾਈਏ ਮਹਾਰਾਜ! ਮੈਂ ਆਪਦੀ ਜਾਨ ਤਕ ਹਜ਼ੂਰ ਉਤੋਂ ਕੁਰਬਾਨ ਕਰਨ ਲਈ ਤਿਆਰ ਹਾਂ। ਮਾਲ ਦੌਲਤ ਤਾਂ ਆਪਦੀ ਹੀ ਹੈ। ਕੀ ਕੋਈ ਜੰਗ ਛਿੜਨ ਵਾਲੀ ਹੈ ? ਜਾਂ ਕਿਸੇ ਵੈਰੀ ਦਾ ਭੈ ਹੈ ?

ਮਹਾਰਾਜਾ ਸਾਹਿਬ:–ਨਹੀਂ, ਇਹ ਗੱਲ ਨਹੀਂ ਹੈ। ਮੈਂ ਅੱਜ ਤੈਥੋਂ ਤੇਰੇ ਘਰ ਦੇ ਇਕ ਮਾਮਲੇ ਲਈ ਪੁਛਣ ਆਇਆ ਹਾਂ।

ਤਰਖਾਣ:–ਹਜ਼ੂਰ ਉਹ ਕੀ ਹੈ ?

ਮਹਾਰਾਜਾ ਸਾਹਿਬ:–ਮੈਂ ਇਹ ਪੁਛਦਾ ਹਾਂ ਕਿ ਤੈਂ ਆਪਣੀ ਜਵਾਨ ਲੜਕੀ ਦੀ ਸ਼ਾਦੀ ਹੁਣ ਤਕ ਕਿਉਂ ਨਹੀਂ ਕੀਤੀ ? ਕਿਉਂਕਿ ਤੂੰ ਮੇਰੀ ਰਿਆਇਆ ਹੈਂ, ਤੇ ਨਾਲ ਹੀ ਮੇਰਾ ਗੁਵਾਂਢੀ ਹੈਂ। ਇਸ ਲਈ ਮੇਰਾ ਫਰਜ਼ ਹੈ ਕਿ ਮੈਂ ਤੇਰੇ ਨਾਲ ਇਸ ਜ਼ਰੂਰੀ ਮਾਮਲੇ ਤੇ ਗੱਲ ਬਾਤ ਕਰਾਂ।

ਤਰਖਾਣ:–(ਰੋ ਕੇ) ਹਜ਼ੂਰ ਕੁਝ ਨਾ ਪੁਛੋ। ਮੈਂ ਬਹੁਤ ਮੁਸੀਬਤ ਵਿਚ ਫਸਿਆ ਹੋਇਆ ਹਾਂ। ਇਸ ਲੜਕੀ ਦੀ ਮਾਂ ਗੁਜ਼ਰੀ ਨੂੰ ਅੱਠ ਸਾਲ ਹੋ ਗਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਡੀਆਂ ਮੁਸੀਬਤਾਂ ਨਾਲ ਪਾਲਿਆ ਹੈ । ਦੋ ਸਾਲ ਤੋਂ ਇਸ ਦੇ ਰਿਸ਼ਤੇ ਦੀ ਬਾਬਤ ਬਹੁਤ ਤਲਾਸ਼ ਕੀਤੀ । ਪਰ ਕੋਈ ਯੋਗ ਵਰ ਨਾ ਲਭਿਆ । ਜੇ ਕੋਈ ਆਸ ਕਿਸੇ ਪਾਸਿਓਂ ਹੁੰਦੀ ਭੀ ਹੈ ਤਾਂ ਉਹ ਲੋਕ ਮੇਰੀ ਗਰੀਬੀ ਦੇ ਕਾਰਨ ਰਿਸ਼ਤਾ ਮਨਜ਼ੂਰ ਨਹੀਂ ਕਰਦੇ । ਕੀ ਕਰਾਂ ਤੇ ਕੀ ਨਾ ਕਰਾਂ ? ਕੁੜੀ ਜਵਾਨ ਹੈ ਪੈਸਾ ਪਾਸ ਨਹੀਂ ।

ਮਹਾਰਾਜਾ ਸਾਹਿਬ:– ਤੂੰ ਜਾਣਦਾ ਹੈਂ ਕਿ ਮੈਂ ਤੁਹਾਡਾ ਰਾਜਾ ਅਤੇ ਤੂੰ ਮੇਰੀ ਪਰਜਾ ਹੈਂ ।

ਤਰਖਾਣ:–ਬੇਸ਼ਕ ਮਹਾਰਾਜਾ ।

ਮਹਾਰਾਜਾ ਸਾਹਿਬ:–ਕੀ ਤੂੰ ਮੇਰਾ ਗੁਵਾਂਢੀ ਨਹੀਂ ?

ਤਰਖਾਣ:– ਇਸ ਵਿਚ ਭੀ ਕੋਈ ਸ਼ੱਕ ਨਹੀਂ । ਮੇਰਾ ਇਹ ਝੌਂਪੜਾ ਹਜ਼ੂਰ ਦੇ ਪਾਸ ਹੈ ।

ਮਹਾਰਾਜਾ ਸਾਹਿਬ:– ਸੁਣ, ਰੁਪਏ ਪੈਸੇ ਦਾ ਫਿਕਰ ਨਾ ਕਰ ਆਪਣੇ ਕਿਸੇ ਭਰੋਸੇ ਵਾਲੇ ਆਦਮੀ ਨੂੰ ਭੇਜ ਕੇ ਇਸ ਲੜਕੀ ਲਈ ਕੋਈ ਚੰਗਾ ਵਰ ਢੂੰਡ । ਦੇਖ ! ਤੇਰੀ ਇਸ ਧੀ ਨੂੰ ਮੈਂ ਆਪਣੀ ਧੀ ਸਮਝਕੇ ਇਸ ਦਾ ਵਿਵਾਹ ਕਰਾਂਗਾ । ਤਰਖਾਣ ਨੇ ਝੁਕਕੇ ਨਮਸ਼ਕਾਰ ਕੀਤੀ ਤੇ ਅਸੀਸਾਂ ਦੇਣ ਲਗਾ, ਤੇ ਮਹਾਰਾਜਾ ਸਾਹਿਬ ਆਪਣੇ ਮਹਿਲ ਨੂੰ ਵਾਪਸ ਆ ਗਏ । ਕੁਝ ਮਹੀਨਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛੋਂ ਤਰਖਾਣ ਨੇ ਆਪਣੀ ਕੁੜੀ ਦੀ ਸ਼ਾਦੀ ਆਪਣੀ ਬਰਾਦਰੀ ਦੇ ਇਕ ਗਭਰੂ ਤੇ ਸੁਸ਼ੀਲ ਲੜਕੇ ਨਾਲ ਕਰ ਦਿਤੀ । ਬਰਾਤ ਵਾਲਿਆਂ ਨੂੰ ਚੰਗੇ ੨ ਭੋਜਨ ਖੁਵਾਏ । ਜਾਤ ਬਰਾਦਰੀ ਵਿਚ ਚੰਗੀ ਮਿਠਾਈ ਵੰਡੀ ਗਈ । ਆਪ-ਣੀ ਲੜਕੀ ਨੂੰ ਦਾਜ ਵਿਚ ਸੋਨੇ, ਚਾਂਦੀ ਦੇ ਗਹਿਣੇ ਤੇ ਕਾਂਸੀ ਪਿਤਲ ਦੇ ਭਾਂਡੇ ਦਿਤੇ ਅਤੇ ਵਧੀਆ ੨ ਕਪੜੇ ਪਹਿਨਾਏ । ਵਿਚਾਰਾ ਤਰਖਾਣ ਕੀ ਦੇ ਸਕਦਾ ਸੀ। ਇਹ ਸਭ ਕੁਝ ਮਹਾਰਾਜਾ ਸਾਹਿਬ ਨੇ ਹੀ ਦਿਤਾ ॥

††††††

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨ ਗਿਣੇ ਰੁਪਯਾਂ ਦੇ ਬਦਲੇ ਬਿਨ ਗਿਣੇ ਪਿੰਡ

ਬਚਿਓ ! ਮਹਾਰਾਜਾ ਬਾਬਾ ਆਲਾ ਸਿੰਘ ਇਕ ਸਚੇ ਸਿਘ ਸਨ। ਵਡੇ ਬਹਾਦਰ ਰਹਿਮ ਦਿਲ ਤੇ ਚੰਗੇ ਆਚਰਿਨ ਵਾਲੇ ਸਨ। ਇਹ ਪਿੰਡਾਂ ਤੇ ਸ਼ਹਿਰਾਂ ਨੂੰ ਨਿਤਾਪ੍ਰਤੀ ਫਤੇ ਕਰਦੇ ਸਨ ਪਰ ਓਥੋਂ ਦੇ ਵਸਨੀਕਾਂ ਨੂੰ ਕੋਈ ਦੁਖ ਨਹੀਂ ਦੇਂਦੇ ਸਨ। ਹਿੰਦੂ, ਮੁਸਲਮਾਨ ਤੇ ਸਿਖਾਂ ਨੂੰ ਇਕ ਨਿਗਾਹ ਨਾਲ ਵੇਖਦੇ ਸਨ ਤੇ ਸਭ ਨਾਲ ਇਨਸਾਫ ਤੇ ਰਹਿਮ ਦਿਲੀ ਦਾ ਵਰਤਾਉ ਕਰਦੇ ਸਨ। ਜਿਸ ਵੇਲੇ ਫੌਜੀ ਕੰਮਾਂ ਤੋਂ ਵੇਲੇ ਹੁੰਦੇ ਸਨ ਤਾਂ ਸਾਧੂਆਂ ਤੇ ਦਰਵੇਸ਼ਾਂ ਦੀ ਸੇਵਾ ਵਿਚ ਰਹਿੰਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਮੇਂ ਕਸਬਾ ਸੁਨਾਮ ਵਿਖੇ ਇਕ ਪੂਰੇ ਗਿਆਨੀ ਤੇ ਮਹਾਤਮਾ ਰਹਿੰਦੇ ਸਨ। ਇਨ੍ਹਾਂ ਦਾ ਸ਼ੁਭ ਨਾਮ ਭਾਈ ਮੂਲ ਚੰਦ ਸੀ। ਉਕਤ ਭਾਈ ਸਾਹਿਬ ਰੱਬ ਨੂੰ ਪੁਜੇ ਹੋਏ ਸਨ ਤੇ ਦੂਰ ੨ ਤੱਕ ਉੱਘੇ ਸਨ, ਹੰਦੂ, ਮੁਸਲਮਾਨ ਤੇ ਸਿਖ, ਹਰ ਕੌਮ ਦੇ ਮਨੁਖ ਭਾਈ ਸਾਹਿਬ ਦੀ ਸੇਵਾ ਵਿਚ ਆਕੇ ਵਰਸਾਂਵਦੇ ਸਨ। ਇਹ ਹਰ ਵੇਲੇ ਗਿਆਨ ਧਿਆਨ ਵਿਚ ਲੀਣ ਰਹਿੰਦੇ ਸਨ। ਇਹੋ ਕਾਰਣ ਸੀ ਕਿ ਇਨ੍ਹਾਂ ਦੀ ਕਹੀ ਹੋਈ ਹਰ ਇਕ ਗੱਲ ਪੂਰੀ ਹੋ ਜਾਂਦੀ ਸੀ। ਆਪ ਜਿਸ ਲਈ ਕੋਈ ਦੁਆ ਕਰਦੇ, ਵਾਹਿਗੁਰੂ ਦੀ ਦਰਗਾਹ ਵਿਚ ਮੰਨੀ ਜਾਂਦੀ ਸੀ। ਸਾਰੇ ਲੋਕ ਇਨ੍ਹਾਂ ਪਾਸੋਂ ਦੀਨ ਦੁਨੀਆਂ ਦਾ ਲਾਭ ਉਠਾਉਂਦੇ ਸਨ। ਮਹਾਰਾਜਾ ਸਾਹਿਬ ਭੀ ਇਨ੍ਹਾਂ ਦੀ ਸੇਵਾ ਵਿਕ ਹਾਜ਼ਰ ਹੂੰਦੇ ਸਨ।

ਇਕ ਦਿਨ ਸਰਦੀ ਦੀ ਹੁੱਤ ਵਿਖੇ ਇਕ ਗਰੀਬ ਬੁੱਢੀ ਹਫੀ ਹੋਈ ਤੇ ਕੰਮਦੀ ਹੋਈ ਭਾਈ ਸਾਹਿਬ ਦੀ ਸੇਵਾ ਵਿਚ ਆਈ ਤੇ ਹੱਥ ਜੋੜ ਕੇ ਇਕ ਪਾਸੇ ਖੜੀ ਹੋ ਗਈ। ਇਸ ਸਮੇਂ ਇਥੇ ਬਹੁਤ ਸਾ ਮਨੁਸ਼ ਸਨ। ਮਹਾਰਾਜਾ ਸਾਹਿਬ ਭੀ ਇਥੇ ਇਕ ਪਾ ਬੈਠੇ ਹੋਏ ਸਨ। ਵੱਡੀ ਨਿੰਮਰਤਾ ਤੇ ਸ਼ਰਧਾ ਨਾ ਭਾਈ ਸਾਹਿਬ ਦੇ ਬਚਨ ਸੁਣ ਰਹੇ ਸਨ। ਕੁਝ ਚਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਗਰੋਂ ਭਾਈ ਸਾਹਿਬ ਨੇ ਬੁੱਢੀ ਵਲ ਧਿਆਨ ਕੀਤਾ। ਕਹਿਣ ਲਗੇ 'ਮਾਈ ਬੈਠ ਜਾਓ' ਤੇ ਫੇਰ ਪੁਛਣ ਲਗੇ, 'ਕੀ ਤੂੰ ਕੁਝ ਕਹਿਣਾ ਚਾਹੁੰਦੀ ਹੈਂ ?' ਬੁੱਢੀ ਨੇ ਨਿਮਸ਼ਕਾਰ ਕਰਕੇ ਕਹਿਆ 'ਹਜ਼ੂਰ ! ਮੈਂ ਗਰੀਬ ਬ੍ਰਾਹਮਣੀ ਹਾਂ ਤੇ ਚੌਦਾਂ ਸਾਲ ਤੋਂ ਰੰਡੇਪੇ ਦੇ ਦਿਨ ਵਡੇ ਦੁਖਾਂ ਨਾਲ ਕੱਟ ਰਹੀ ਹਾਂ। ਮੇਰੀ ਇਕੋ ਇਕੱਲੀ ਜਵਾਨ ਧੀ ਹੈ। ਦੂਰ ਤੋਂ ਚੱਲ ਕੇ ਆਈ ਹਾਂ। ਰੱਬ ਦੇ ਵਾਸਤੇ ਮੇਰਾ ਸਹਾਇਤਾ ਕਰੋ ਮੈਂ ਤਾਂ ਆਪਣੀ ਜ਼ਿੰਦਗੀ ਦੇ ਬੁਰੇ ਭਲੇ ਦਿਨ ਕੱਟ ਲਵਾਂਗੀ, ਪਰ ਜਵਾਨ ਧੀ ਨੂੰ ਬਹੁਤ ਚਿਰ ਤੱਕ ਇਸ ਭਾਂਤ ਨਹੀਂ ਰੱਖ ਸੱਕਦੀ।"ਇਹ ਗੱਲ ਆਖ ਕੇ ਉਹ ਹੌਕੇ ਭਰ ਕੇ ਰੋਣ ਲੱਗੀ।

ਭਾਈ ਸਾਹਿਬ ਨੇ ਬੁਢੀ ਦੀਆਂ ਗਲਾਂ ਸੁਣ ਕੇ ਮਹਾਰਾਜਾ ਸਾਹਿਬ ਵੱਲ ਨਿਗਾਹ ਕੀਤੀ। ਮਹਾਰਾਜਾ ਸਾਹਿਬ ਨੇਕ ਦਿਲ ਤੇ ਦਰਵੇਸ਼ੀ ਖਿਆਲਾਂ ਦੇ ਰਈਸ ਸਨ। ਉਹ ਭਾਈ ਸਾਹਿਬ ਦੀ ਨਿਗਾਹ ਦਾ ਪਰਯੋਜਨ ਸਮਝ ਗਏ। ਭਾਈ ਸਾਹਿਬ ਨੇ ਕਿਹਾ ਕਿ ਕੁਦਰਤ ਨੇ ਦਾਣੇ ੨ ਤੇ ਮੋਹਰ ਲਾ ਰਖੀ ਹੈ। ਇਸ ਬੁਢੀ ਦਾ ਕੰਮ ਆਪ ਦੇ ਰੁਪਏ ਨਾਲ ਹੋਣਾ ਹੈ। ਜਾਓ ਤੇ ਇਕ ਥੈਲੀ ਵਿਚ ਰੁਪਏ ਲੈ ਆਓ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਰਾਜਾ ਸਾਹਿਬ ਨੇ ਭਾਈ ਸਾਹਿਬ ਦਾ ਇਹ ਹੁਕਮ ਸੁਣਕੇ, ਝੱਟ ਮਹਿਲ ਤੋਂ ਇਕ ਥੈਲੀ ਲਿਆ ਕੇ ਸੇਵਾ ਵਿਚ ਹਾਜ਼ਰ ਕਰ ਦਿਤੀ । ਭਾਈ ਸਾਹਿਬ ਨੇ ਪੁਛਿਆ, "ਇਸ ਥੈਲੀ ਵਿਚ ਆਪ ਕਿਤਨੇ ਰੁਪਏ ਲਿਆਏ ਹੋ ?" ਮਹਾਰਾਜਾ ਸਾਹਬ ਨੇ ਉਤਰ ਦਿਤਾ, "ਬਿਨਾਂ ਗਿਣੇ ਤੋਂ ਲੈ ਆਇਆ ਹਾਂ ।"

ਮਹਾਰਾਜਾ ਸਾਹਿਬ ਦੀ ਇਹ ਗੱਲ ਸੁਣ ਕੇ ਭਾਈ ਸਾਹਿਬ ਦਾ ਚਿਹਰਾ ਰੱਬੀ ਖੁਸ਼ੀ ਨਾਲ ਗਦ ੨ ਹੋ ਗਿਆ। ਇਨ੍ਹਾਂ ਦੇ ਸਿਰ ਤੋਂ ਪੈਰਾਂ ਤੱਕ ਇਕ ਨੂਰਾਨੀ ਲਹਿਰ ਦੌੜਨ ਲਗ ਪਈ। ਏਸੇ ਖੁਸ਼ੀ ਵਿਚ ਆ ਕੇ ਕਹਿਣ ਲਗੇ, "ਮਹਾਰਾਜਾ ਸਾਹਿਬ ! ਪਰਮਾਤਮਾ ਨੂੰ ਆਪ ਦੀ ਗੱਲ ਬਹੁਤ ਭਾਈ ਹੈ । ਆਪ ਨੂੰ ਵਧਾਈ ਹੋਵੇ। ਜਿਸ ਪਰਕਾਰ ਆਪ ਬਿਨਾ ਗਿਣੇ ਰੁਪਏ ਲਿਆਏ ਹੋ, ਇਸੇ ਭਾਂਤ ਆਪ ਨੂੰ ਕੁਦਰਤ ਵਲੋਂ ਅਨਗਿਣਤ ਪਿੰਡ ਮਿਲਣਗੇ।

ਭਾਈ ਸਾਹਿਬ ਦੀ ਇਹ ਗੱਲ ਇੰਨ ਬਿੰਨ ਠੀਕ ਉਤਰੀ, ਭਾਵ ਰਿਆਸਤ ਪਟਿਆਲਾ ਵਿਖੇ ਹੁਣ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਪਿੰਡ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਸਨ ਤੇ ਨਾਂ ਹੀ ਇਸ ਕੰਮ ਵਿਚ ਮਹਾਰਾਜਾ ਦਾ ਕੋਈ ਆਪਣਾ ਸ੍ਵਾਰਥ ਸੀ, ਸੋ ਜਿਸ ਮਹਾਰਾਜਾਂ ਨੇ ਮੁਲਕ ਦੇ ਦੂਜੇ ਲੋਕਾਂ ਲਈ ਅਜਿਹੇ ਪਰਉਪਕਾਰ ਕੀਤੇ, ਉਹ ਭਲਾ ਸੋਚੋ ਕਿ ਆਪਣੀ ਰਿਆਸਤ ਦੇ ਲੋਕਾਂ ਨਾਲ ਕਿਤਨੀ ਹਮਦਰਦੀ ਤੇ ਪਿਆਰ ਕਰਦੇ ਹੋਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਚੀ ਬਹਾਦਰੀ

ਬਚਿਓ ! ਕੀ ਤੁਸੀਂ ਜਾਣਦੇ ਹੋ, ਸੱਚੀ ਬਹਾਦਰੀ ਕੀ ਹੁੰਦੀ ਹੈ ? ਜੇ ਨਹੀਂ ਜਾਣਦੇ ਤਾਂ ਅਸੀਂ ਤੁਹਾਨੂੰ ਦੱਸਦੇ ਹਾਂ। ਆਮ ਜਨਤਾ ਤਾਂ ਬਹਾਦਰੀ ਇਸੇ ਗੱਲ ਨੂੰ ਸਮਝਦੀ ਹੈ ਕਿ ਮਨੁਸ਼ ਕਿਸੇ ਭਿਆਨਕ ਕੰਮ ਤੋਂ ਨਾ ਡਰੇ ਤੇ ਕਿਸੇ ਗੱਲ ਦੀ ਕੋਈ ਪਰਵਾਹ ਨਾ ਕਰਦਾ ਹੋਇਆ ਵਡੀਆਂ ਮੁਸੀਬਤਾਂ ਵਿਚ ਭੀ ਦਿਲ ਨੂੰ ਇਕਾਗਰ ਰਖੇ, ਅਤੇ ਬੀਰਤਾ ਨਾਲ ਲੜੇ। ਪਰ ਇਹ ਘਟੀਆ ਦਰਜੇ ਦੀ ਬਹਾਦਰੀ ਹੈ, ਕਿਉਂਕਿ ਜੋਸ਼ ਦੇ ਸਮੇਂ ਮਨੁਖ ਅੰਨ੍ਹਾਂ ਹੁੰਦਾ ਹੈ। ਉਸ ਨੂੰ ਉਸ ਵੇਲੇ ਕੋਈ ਊਚ ਨੀਚ ਦੀ ਗੱਲ ਸਮਝ ਨਹੀਂ ਪੈਂਦੀ ਤੇ ਨਾਂ ਹੀ ਹਛੇ ਬੁਰੇ ਦੀ ਪਹਿਚਾਣ ਹੁੰਦੀ ਹੈ। ਲੜਾਈ ਦੇ ਮੈਦਾਨ ਵਿਚ ਤਲਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਬਾਦਸ਼ਾਹ ਦੀ ਫੌਜ ਸਹਾਰਨ ਪੁਰ ਵਿਚ ਦੀ ਹੁੰਦੀ ਹੋਈ ਉਮੇਲਾ ਨਦੀ ਦੇ ਕਿਨਾਰੇ, ਅੰਬਾਲੇ ਤੋਂ ਸਿਰਫਚ ਵੀ ਮੀਲ ਦੀ ਵਿਥ ਤੇ ਦੱਖਣ ਪੱਛਮ ਦੀ ਦਿਸ਼ਾ ਵਲ ਖੜਾ ਲੁਆਣੇ ਦੇ ਥਾਂ ਠਹਿਰੀ ਤਾਂ ਮਹਾਰਾਜਾ ਅਮਰ ਸਿੰਘ ਸਾਹਿਬ ਅਬਦਾਲੀ ਬਾਦਸ਼ਾਹ ਦੀ ਸੇਵਾ ਵਿਚ ਪੁਜੇ। ਬਾਦਸ਼ਾਹ ਮਹਾਰਾਜੇ ਦੀ ਇਸ ਰਵਾਇਤੀ, ਖ਼ਾਨਦਾਨੀ, ਦੂਰ ਦਰਵੇਸ਼ੀ ਤੇ ਵਫਾਦਰੀ ਤੋਂ ਬਹੁਤ ਖੁਸ਼ ਹੋਇਆ ਤੇ ਵਡੀ ਖੁਸ਼ੀ ਨਾਲ ਮਿਲਿਆ ਅਤੇ 'ਰਾਜਾ ਰਾਜਗਾਨ ਬਾਹਦਰ' ਦਾ ਖਿਤਾਬ, ਜੋ ਮਹਾਰਾਜਾ ਦੇ ਖਿਤਾਬ ਤੋਂ ਬਹੁਤ ਵਡਾ ਹੈ, ਦਿਤਾ ਅਤੇ ਨਾਲ ਹੀ ਸਿੱਕਾ ਜਾਰੀਕਰਨ ਦੀ ਆ ਗਿਆ ਦਿਤੀ।

ਮਹਾਰਾਜਾ ਸਾਹਿਬ ਨੇ ਬਾਦਸ਼ਾਹ ਦੀ ਇਸ ਕ੍ਰਿਪਾਲਤਾ ਦਾ ਵਡਾ ਧੰਵਾਦ ਕੀਤਾ। ਪਰ ਦਿਲ ਵਿਚ ਦੇਸ ਦਾ ਪਿਆਰ ਤੇ ਆਪਣੇ ਵਤਨ ਦੇ ਦੁਖੀ ਕੈਦੀਆਂ ਦੀ ਦਰਸ਼ਨਾਂ ਇਨ੍ਹਾਂ ਦੇ ਦਿਲਾਂ ਵਿਚ ਉਬਾਲੇ ਖਾ ਰਹੀ ਸੀ ਅਤੇ ਬੇਚੈਨ ਕਰ ਰਹੀ ਸੀ। ਕੈਦੀਆਂ ਦੀਆਂ ਵੀ ਦਿਲੀ ਉਮੰਗਾਂ ਤੇ ਦਿਆਲਤਾ ਦੀਆਂ ਆਸਾਂ ਹਿਰਦਿਆਂ ਵਿਚੋਂ ਨਿਕਲ ਕੇ ਆਪਣੇ ਦੇਸ ਦੇ ਇਸ ਨੇਕ ਤੇ ਵਡੇ ਪਰਉਪਕਾਰੀ ਮਹਾਰਾਜੇ ਦੀ ਸੇਵਾ ਵਿਖੇ ਸਹਾਇਤਾ ਮੰਗਣ ਦੀਆਂ ਅਪੀਲਾਂ ਕਰ ਰਹੀਆਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਦਰਤ ਨੂੰਭੀ ਇਹੋ ਮਨਜ਼ੂਰ ਸੀ ਕਿ ਇਹਕੈਦੀ ਇਸ ਅਸੈਹ ਦੁਖ ਤੋਂ ਛੁਟਕਾਰਾ ਪਾ ਲੈਣ ਤੇ ਮਾਰਾਜਾ ਅਮਰ ਸਿੰਘ ਸਾਹਿਬ ਦਾ ਨਾਉਂ ਸਦੀਵ ਲਈ ਹੀ ਅਮਰ ਰਹੇ। ਮਹਾਰਾਜਾ ਸਾਹਿਬ ਆਪਣੇ ਵੇਸ ਦੇ ਇਨ੍ਹਾਂ ਬੁਰੇ-ਹਾਲ ਵਾਲੇ ਕੈਦੀਆਂ ਦੀ ਬੇਹਬਲ ਤੇ ਨਿਰਾਸਤਾ ਭਰੀ ਦਸ਼ਾ ਨੂੰ ਨਾ ਵੇਖ ਸਕੇ। ਦੇਸ਼ ਦੇ ਪਿਆਰ ਤੇ ਮਨੁਸ਼ੀ ਹਮਦਰਦੀ ਨੇ ਉਬਾਲ਼ਾ ਖਾਧਾ। ਆਪ ਇਕ ਲਖ ਰਪੁਏ ਦੀਆਂ ਅਸ਼ਰਫੀਆਂ (ਮੁਹਰਾਂ) ਲੇਕੇ ਅਬਦਾਲੀ ਬਾਦਸ਼ਾਹ ਦੀ ਸੇਵਾ ਵਿਚ ਪੁਜੇ ਅਤੇ ਨਜ਼ਰ (ਭੇਟਾ) ਪੇਸ਼ ਕਰਕੇ ਬਾਦਸ਼ਾਹ ਦੀ ਮੇਹਰਬਾਨੀਆਂ ਦਾ ਧੰਨਵਾਦ ਕੀਤਾ ਤੇ ਨਾਲ ਹੀ ਇਨ੍ਹਾਂ ਬੇਵਸ ਹਿੰਦੂਆਂ ਨੂੰ ਛਡ ਦੇਣ ਦੀ ਸਿਫਾਰਸ਼ ਕੀਤੀ।

ਅਬਦਾਲੀ ਦੀ ਫੌਜ ਦੇ ਆਦਮੀ ਇਨ੍ਹਾਂ ਨੂੰ ਛੱਡਣਾ ਤਾਂ ਨਹੀਂ ਸਨ ਚਾਹੁੰਦੇ, ਪਰ ਮਹਾਰਾਜਾ ਦੀਆਂ ਕੋਸ਼ਿਸ਼ਾਂ ਦੇ ਸਦਕੇ ਇਹ ਕੈਦੀ ਛਡ ਦਿਤੇ ਗਏ ਤੇ ਖੁਸ਼ੀ ਖੁਸ਼ੀ ਮਹਾਰਾ ਨੂੰ ਅਸੀਸਾਂ ਦਿੰਦੇ ਹੋਏ ਆਪਣੇ ਦੇਸ਼ ਨੂੰ ਤੁਰ ਗਏ ਅਤੇ ਦੇਸ਼ ਭਰ ਵਿਚ ਮਹਾਰਾਜਾ "ਬੰਦੀ ਛੋੜ" ਦੇ ਨਾਉਂ ਨਾਲ ਉਘੇ ਹੋ ਗਏ।

ਬਚਿਓ! ਤੁਸੀਂ ਧਿਆਨ ਨਾਲ ਸੁਣਿਆਂ ਹੋਵੇਗਾ ਕਿ ਇਹ ਕੈਦੀ ਮਹਾਰਾਜਾ ਸਾਹਿਬ ਦੀ ਰਿਆਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਦਸ਼ਾਹ ਮਹਾਰਾਜ ਦੀ ਬਹਾਦਰੀ ਤੇ ਅਕਲ-ਮੰਦੀ ਨੂੰ ਸੁਣ ਕੇ ਬਹੁਤ ਖੁਸ਼ ਹੋਇਆ ਤੇ ਸਰਹਿੰਦ ਦਾ ਇਲਾਕਾ ਇਨਾਂ ਨੂੰ ਦੇ ਦਿਤਾ ਤੇ ਇਸ ਤੋਂ ਬਿਨਾ "ਰਾਜਾ" ਦਾ ਖਿਤਾਬ ਦਿਤਾ। ਜਦੋਂ ਬਾਦਸ਼ਾਹ ਇਹ ਪ੍ਰਬੰਧ ਕਰ ਕੇ ਮੁੜ ਗਿਆ, ਆਪਣੇ ਪ੍ਰਣ ਅਨੁਸਾਰ ਬਾਦਸ਼ਾਹ ਦੇ ਪਾਸ ਅਫ਼ਗਿਸਤਾਨ ਕੁਝ ਹਿਸਾ ਇਸ ਇਲਾਕੇ ਦੀ ਆਮਦਨੀ ਦਾ ਭੇਜਦੇ ਰਹੇ। ਇਸ ਤੋਂ ਕੁਝ ਚਿਰ ਪਿਛੋ ਮਹਾਰਾਜਾ ਸਾਹਿਬ ਸਵਰਗਬਾਸ਼ ਹੋ ਗਏ ਤੇ ਇਨਾਂ ਦੇ ਪੋਤੇ ਮਹਾਰਾਜਾ ਅਮਰ ਸਿੰਘ ਸਾਹਿਬ ਗਦੀ ਤੇ ਬੈਠੇ ਇਹ ਮਹਾਰਾਜਾ ਭੀ ਆਪਣੇ ਦਾਦਾ ਸਾਹਿਬ ਦੀ ਤਰ੍ਹਾਂ ਵਡੇ ਨੇਕ ਦਿਲ ਤੇ ਬਹਾਦਰ ਸਨ।

ਅਜੇ ਇਨ੍ਹਾਂ ਨੂੰ ਗੱਦੀ ਤੇ ਬੈਠਿਆਂ ਥੋੜੇ ਦਿਨ ਹੀ ਹੋਏ ਸਨ ਕਿ ਅਹਿਮਦ ਸ਼ਾਹ ਅਬਦਾਲੀ ਤੀਜੀ ਵੇਰ ਫੇਰ ਮੁਲਕ ਵਿਚ ਆਇਆ ਤੇ ਸਤਲੁਜ ਨੂੰ ਪਾਰ ਕਰਕੇ ਸਹਾਰਨ ਪੁਰ ਦੇ ਇਲਾਕੇ ਵਿਚ ਜਾ ਵੜਿਆ। ਇਥੋਂ ਦੇ ਲੜਾਕੇ ਲੋਕਾਂ ਨੇ ਬਾਦਸ਼ਾਹ ਦੀ ਫੌਜ ਦਾ ਟਾਕਰਾ ਕੀਤਾ, ਤਾਂ ਇਸ ਨੇ ਵੀ ਫੌਜ ਨੂੰ ਲੁਟਣ ਦਾ ਹੁਕਮ ਦੇ ਦਿਤਾ। ਥੋੜੀ ਦੇਰ ਦੀ ਮੁਟਭੇੜ ਨਾਲ ਹੀ ਉਹ ਲੋਕ ਹਾਰ ਖਾ ਕੇ ਭੱਜ ਗਏ। ਬਾਦਸ਼ਾਹ ਨੇ ਇਨ੍ਹਾਂ ਲੋਕਾਂ ਨੂੰ ਫੜਕੇ ਕਤਲ ਕਰਵਾ ਦਿਤਾ ਤੇ ਗੁਸੇ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਕੇ ਬਹੁਤ ਸਾਰੇ ਮਨੁਖਾਂ ਨੂੰ ਕੈਦ ਕਰਕੇ ਆਪਣੇ ਨਾਲ ਲੈ ਆਂਦਾ।

ਇਨ੍ਹਾਂ ਲੋਕਾਂ ਦੇ ਭਾਈ ਬੰਦ, ਬਾਲ ਬੱਚੇ, ਸਾਕ ਅੰਗ ਤੇ ਦੋਸਤ ਮਿੱਤਰ ਬਹੁਤ ਹੀ ਵਿਰਲਾਪ ਕਰਦੇ ਰਹੇ, ਪਰ ਇਨ੍ਹਾਂ ਦੀ ਇਸ ਵੇਲੇ ਕਿਸੇ ਨਾ ਸੁਣੀ। ਵਿਚਾਰੇ ਗਰੀਬ ਲੋਕ, ਅਫ਼ਗਾਨਾਂ ਦੀ ਖੂਨਖਾਰ ਫੌਜ ਨਾਲ ਭੇਡ ਬੱਕਰੀਆਂ ਦੀ ਤਰ੍ਹਾਂ ਹੱਕੇ ਚਲੇ ਜਾ ਰਹੇ ਸਨ। ਇਸ ਸਮੇਂ ਜੰਗੀ ਕੈਦੀਆਂ ਨਾਲ ਹਰ ਇਕ ਥਾਂ ਤੇ ਅਜਿਹਾ ਹੀ ਸਲੂਕ ਕੀਤਾ ਜਾਂਦਾ ਸੀ। ਇਨ੍ਹਾ ਨੂੰ ਨਾ ਭੁਖ ਵੇਲੇ ਰੋਟੀ ਤੇ ਨਾ ਪਿਆਸ ਵੇਲੇ ਪਾਣੀ ਮਿਲਦੇ ਸਨ। ਵਿਚਾਰੇ ਆਪਣੇ ਭਾਈ ਬੰਦਾਂ, ਅੰਗ ਸਾਕਾਂ, ਬਾਲ ਬਚਿਆਂ ਤੇ ਘਰਾਂ ਦੇ ਵਿਛੋੜੇ ਨਾਲ ਦੁਖੀ ਹੋ ਕੇ ਅਤੇ ਭੁਖ ਪਿਆਸ ਤੋਂ ਆਤੁਰ ਹੋ ਕੇ ਨਿਢਾਲ ਹੋ ਡਿਗ ਡਿਗ ਪੈਂਦੇ ਸਨ ਤੇ ਗੁਸੇ ਅਤੇ ਗਮ ਦੀ ਦਸ਼ਾ ਵਿਚ ਬੇੜੀਆਂ ਪਹਿਨੀ ਤੁਰੇ ਜਾ ਰਹੇ ਸਨ। ਇਸ ਵੇਲੇ ਗੁਲਾਮੀ ਦੀ ਮੌਤ ਇਨ੍ਹਾਂ ਨੂੰ ਸਾਹਮਣੇ ਵਿਖਾਈ ਦੇ ਰਹੀ ਸੀ। ਇਨ੍ਹਾਂ ਨੂੰ ਮੁੜ ਆਪਣੇ ਵਤਨ ਵਿਚ ਆਉਣ ਦੀ ਕੋਈ ਆਸ ਨਹੀਂ ਸੀ। ਉਹ ਇਸ ਸਮੇਂ ਢੁਬਾਂ ਮਾਰ ਕੇ ਰੋ ਰਹੇ ਸਨ ਤੇ ਇਨ੍ਹਾਂ ਦੀ ਕਿਸਮਤ ਇਨ੍ਹਾਂ ਦੇ ਪਾਸ ਖਲੋਤੀ ਹੱਸ ਰਹੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰੇ ਬੱਚਿਓ ! ਤੁਸੀਂ ਵੇਖਿਆ, ਰਿਆਸਤ ਪਟਿਆਲੇ ਦਾ ਮੋਢੀ ਮਹਾਰਾਜਾ ਕਿਤਨਾ ਮਹਾਤਮ ਤੇ ਦਾਨੀ ਸੀ। ਇਨ੍ਹਾਂ ਕਾਰਨਾਂ ਕਰਕੇ ਹੀ ਇਹ ਰਿਆਸਤ ਦਿਨ ਦੂਣੀ ਤੇ ਰਾਤ ਚੌਗੁਣੀ ਉੱਨਤ ਹੁੰਦੀ ਰਹੀ ਹੈ।

++++++++++++
++++++++
+++
+

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੀ ਛੋੜ ਮਹਾਰਾਜਾ

ਅਹਿਮਦ ਸ਼ਾਹ ਅਬਦਾਲੀ ਦਾ ਨਾਉਂ ਤੁ
ਜ਼ਰੂਰ ਸੁਣਿਆਂ ਹੋਵੇਗਾ। ਇਹ ਅਫ਼ਗਾਨਿਸਤਾਨ
ਬਾਦਸ਼ਾਹ ਸੀ। ਇਸ ਨੇ ਪਾਨੀਪਤ ਦੇ ਮੈਦਾਨ ਵਿ
ਮਰਹੱਟਿਆਂ ਦੀ ਚਾਰ ਲੱਖ ਫੌਜ ਨੂੰ ਅਜਿਹੀ ਹਾ
ਦਿਤੀ ਸੀ ਕਿ ਉਹ ਮੁੜ ਸਿਰ ਨਾ ਉਭਾਰ ਸਕੇ। ਇ
ਬਾਦਸ਼ਾਹ ਨੇ ਤਿੰਨ ਵਾਰ ਪੰਜਾਬ ਤੇ ਹਲਾ ਕੀਤਾ। ਪਹਿਲ
ਵੇਰ ਮਰਹਟਿਆਂ ਦੇ ਨਾਲ, ਦੂਜੀ ਵੇਰ ਉਸ ਵੇਲੇ ਜਦੋਂ
ਸਿਖਾਂ ਸਰਹੰਦ ਦਾ ਸੂਬਾ ਕਤਲ ਕੀਤਾ ਸੀ। ਇਸ ਵੇ
ਰਿਆਸਤ ਪਟਿਆਲਾ ਦੇ ਮੋਢੀ ਬਾਬਾ ਆਲਾ ਸਿੰਘ
ਸਰਹੰਦ ਦੇ ਥਾਂ ਤੇ ਬਾਦਸ਼ਾਹ ਨਾਲ ਮੁਲਾਕਾਤ ਕੀਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਥ ਵਿਚ ਲੈ ਕੇ, ਦੁਸ਼ਮਨ ਦੀ ਫੌਜ ਵਿਚ ਜਾ ਵੜਨਾ, ਅਤੇ ਮਰਨ ਦੀ ਪਰਵਾਹ ਤੇ ਨਾ ਗੁਸਾ ਤੇ ਜੋਸ਼ ਪਰਗਟ ਕਰਦਾ ਹੈ। ਅਜਿਹੀ ਲੜਾਈ ਦੇ ਸਮੇਂ ਦਿਲ ਤੇ ਦਿਮਗ ਦੀ ਮਿਤ੍ਰਤਾ ਕਾਇਮ(ਜਵਿਰ) ਨਹੀਂ ਰਹਿੰਦੀ ਤੇ ਜਿਹੜਾ ਕੰਮ ਕਿਸੇ ਜੋਸ਼ ਯਾ ਮਨ ਦੇ ਅੰਦਰਲੇ ਵਲਵਲਿਆਂ ਦੇ ਅਧਾਰ ਤੇ ਕੀਤਾ ਜਾਂਦਾ ਹੈ, ਉਸਦਾ ਸਿੱਟਾ ਅਵੱਸ਼ ਹੀ ਨਿਕਾਰਾ ਨਿਕਲਦਾ ਹੈ ਸਚੀ ਬਹਾਦਰੀ ਇਹ ਹੈ ਕਿ ਮਨੁਖਆਪਣੇ ਵੈਰੀ ਨਾਲ ਲੜਦਾ ਹੋਇਆ ਮਨੁਖੀ ਸ਼ੁਸ਼ੀਲਤਾ, ਆਚਰਣ ਤੇ ਸਭਯਤਾ ਨੂੰ ਹੱਥੋਂ ਨਾ ਗੁਆਏ। ਆਪਣੇ ਜੋਸ਼ ਤੇ ਗੁਸੇ ਨੂੰ ਮਨੁਖਤਾ ਦੀ ਕਸੌਟੀ ਤੇ ਕੱਸੇ, ਤੇ ਸਮੇਂ ਦੇ ਹਾਲਾਂ ਤੋਂ ਅਣਹੋਂਦਾ ਲਾਭ ਨਾ ਉਠਾਵੇ। ਸੁਣੋ, ਅਸੀਂ ਤੁਹਾਨੂੰ ਸਚੀ ਬਹਾਦਰੀ ਦੀ ਇਕ ਕਹਾਣੀ ਸੁਨਾਉਂਦੇ ਹਾਂ।

ਸ਼ਹਿਰ ਪਟਿਆਲਾ ਤੋਂ ਚਾਰ ਮੀਲ ਦੀ ਵਿਥ ਤੇ ਉਤਰ ਪੂਰਬ ਵਲ, ਉਸ ਸੜਕ ਤੇ ਜਿਹੜੀ ਪਟਿਆਲੇ ਤੋਂ ਰਾਜਪੁਰੇ ਨੂੰ ਜਾਂਦੀ ਹੈ, ਇਕ ਪਿੰਡ ਵਸਦਾ ਹੈ, ਜਿਸਨੂੰ ਅਜ ਕਲ "ਬਹਾਦਰ ਗੜ੍ਹ" ਆਖਦੇ ਹਨ। ਇਸਦਾ ਅਸਲੀ ਨਾਉਂ ਸੈਫ ਆਬਾਦ ਸੀ ਅਜ ਤੋਂ ਦੋ ਸੌ ਸਾਲ ਪਹਿਲਾਂ ਨਵਾਬ ਸੈਫ ਖਾਂ ਜਿਹੜਾ ਇਕ ਫਕੀਰੀ ਖਿਆਲਾਂ ਦਾ ਰਈਸ ਸੀ, ਉਸ ਨੇ ਵਸਾਇਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸਦੇ ਪੱਕੇ ਕਿਲੇ, ਮਜ਼ਬੂਤ ਫ਼ਸੀਲ ਤੇ ਡੂੰਘੀ ਖਾਈ ਦੇ ਕਾਰਣ ਇਹ ਕਸਬਾ ਇਕ ਚੰਗਾ ਫੌਜੀ ਥਾਂ ਬਣ ਗਿਆ ਸੀ। ਕਿਲੇ ਦੇ ਕੋਟ ਉਪਰ ਵਡੀਆਂ ੨ ਤੋਪਾਂ ਰਖੀਆਂ ਹੋਈਆਂ ਸਨ। ਮਹਾਰਾਜਾ ਅਮਰ ਸਿੰਘ ਸਾਹਿਬ ਦੇ ਵੇਲੇ ਇਹ ਕਸਬਾ ਸੰਘਣਾ ਆਬਾਦ ਸੀ, ਪਰ ਨਵਾਬ ਸੈਫ਼ ਖਾਂ ਦੀ ਉਲ਼ਾਦ ਪਾਸੋਂ ਇਸਦੀ ਹਕੂਮਤ ਨਿਕਲਕੇ ਇਕ ਗੁਲਬੇਗ ਖਾਂ ਨਾਮੇ ਮਨੁਖ ਦੇ ਹੱਥ ਆ ਗਈ ਤੇ ਏਥੋਂ ਦਾ ਬੁਰਾ ਪਰਬੰਧ ਤੇ ਦੁਰਦਸ਼ਾ ਹੋ ਗਈ। ਲੋਕਾਂ ਵਿਚ ਆਪੋ ਧਾਪੀ ਪੈ ਗਈ। ਕਿਉਂਕਿ ਇਹ ਕਸਬਾ ਸ਼ਹਿਰ ਪਟਿਆਲੇ ਤੋਂ ਚਾਰ ਮੀਲ ਦੀ ਵਿੱਥ ਤੇ ਸੀ, ਇਸ ਕਾਰਣ ਕਰਕੇ ਇਥੋਂ ਦੀ ਆਪੋ ਧਾਪੀ ਨੂ ਰੋਕਣ ਲਈ ਤੇ ਸ਼ਹਿਰ ਨੂੰ ਇਸਦੇ ਅਸਰ ਤੋਂ ਬਚਾਉਣ ਲਈ, ਇਸਨੂੰ ਰੋਕਣ ਦਾ ਯਤਨ ਕੀਤਾ ਤੇ ਮਹਾਰਾਜਾ ਨੇ ਇਹ ਪ੍ਰਣ ਕਰ ਲੀਤਾ ਕਿ ਇਸ ਬੁਰੇ ਪਰਬੰਧ ਨੂੰ ਦੂਰ ਕੀਤਾ ਜਾਵੇ। ਸੋ ਮਹਾਰਾਜਾ ਅਮਰ ਸਿੰਘ ਜੀ ਨੇ ਜਰਨੈਲ ਨਾਨੂੰ ਮਲ ਦੇ ਪ੍ਰਬੰਧ ਵਿਚ ਸੱਤ ਹਜ਼ਾਰ ਫੌਜ ਸੈਫ਼ਆਬਾਦ ਭੇਜੀ। ਇਸ ਤੋਂ ਉਪਰੰਤ ਆਪ ਭੀ ਅਸਵਾਰ ਹੋਕੇ ਉੱਥੇ ਜਾ ਰਹੇ

ਕਿਲੇ ਦੇ ਅੰਦਰ ਨਵਾਬ ਸੈਫ਼ ਖਾਂ ਦੀ ਇਕ ਬੜੀ ਮਸੀਤ ਸੀ, ਜਿਸ ਦੇ ਗੁੰਬਜ਼ ਤੇ ਮੁਨਾਰੇ ਫ਼ਸੀਲ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਹਰ ਦੂਰੋਂ ਹੀ ਨਜ਼ਰ ਆਉਂਦੇ ਸਨ। ਜਿਸ ਵੇਲੇ ਮਹਾਰਾਜਾ ਸਾਹਿਬ ਨੇ ਕਿਸੇ ਉੱਚੇ ਥਾਂ ਉਪਰ ਖੜੇ ਹੋਕੇ ਸੈਫਾਬਾਦ ਵਲ ਦੇਖਿਆ ਤੇ ਹਲਾ ਕਰਨ ਦਾ ਹੁਕਮ ਦਿਤਾ, ਤਾਂ ਆਪਣੇ ਜਰਨੈਲ ਨੂੰ ਇਸ ਮਸੀਤ ਦਾ ਖਾਸ ਖਿਆਲ ਰਖਣ ਲਈ ਹੁਕਮ ਦਿਤਾ, ਤਾਂ ਕਿ ਇਸ ਨੂੰ ਕੋਈ ਨੁਕਸਾਨ ਨਾ ਪੁਜੇ।

ਮਹਾਰਾਜਾ ਦੀ ਵਡੀ ਭਾਰੀ ਫੌਜ ਦਾ ਉਹ ਲੋਕ ਟਾਕਰਾ ਨਾ ਕਰ ਸਕ ਤੇ ਥੋੜੀ ਮੁਠ-ਭੇੜ ਤੋਂ ਉਪਰੰਤ ਗੁਲਬੇਗ ਖਾਂ ਨੇ ਮਹਾਰਾਜੇ ਦੀ ਈਨ ਮਨ ਲਈ। ਤੇ ਸੈਫਾਬਾਦ ਪਰ ਮਹਾਰਾਜਾ ਸਾਹਿਬ ਦਾ ਕਬਜ਼ਾ ਹੋਗਿਆ ਅਤੇ ਫੌਜ ਕਸਬੇ ਵਿਚ ਜਾ ਵੜੀ। ਇਸ ਵੇਲੇ ਨਾ ਕਿਸੇ ਦੀ ਦੁਕਾਨ ਲੁਟੀ ਗਈ ਤੇ ਨਾ ਕਿਸੇ ਦਾ ਮਾਲ ਖੋਹਿਆ ਗਿਆ ਤੇ ਨਾ ਹੀ ਕਿਸੇ ਨੂੰ ਕੋਈ ਦੁਖ ਦਿਤਾ ਗਿਆ। ਮਹਾਰਾਜਾ ਸਾਹਿਬ ਸਚੇ ਬਹਾਦਰ ਸਨ। ਆਪ ਨੇ ਗੁਲਬੇਗ ਖਾਂ ਨੂੰ ਪਟਿਆਲੇ ਦੇ ਪਾਸ ਇਕ ਛੋਟਾ ਰਸੂਲਪੁਰ ਨਾਮ ਦਾ ਪਿੰਡ ਜਗੀਰ ਵਿਚ ਦੇ ਦਿਤਾ ਤੇ ਸਾਰੀ ਉਮਰ ਲਈ ਸਤ ਰੁਪਏ ਰੋਜ ਦੇ ਹਿਸਾਬ ਨਾਲ ਪੈਨਸ਼ਨ ਨੀਯਤ ਕਰ ਦਿਤੀ।

ਸੈਫਾਬਾਦ ਦੇ ਵਸਨੀਕਾਂ ਨੂੰ ਇਨਾਂ ਦੀ ਜਾਨ ਤੇ ਮਾਲ ਦੀ ਰਾਖੀ ਦੀ ਤੱਸਲੀ ਦੇ ਕੇ ਆਖਿਆ ਕਿ ਜਿਹੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਮੀ ਚਾਹੇ ਇਥੇ ਰਹੇ ਤੇ ਜਿਹੜਾ ਪਟਿਆਲੇ ਜਾਣਾ ਚਾਹੇ ਉਹ ਉਥੇ ਜਾ ਕੇ ਵਸਜਾਏ ? ਨਾਲ ਹੀ ਇਹ ਹੁਕਮ ਭੀ ਦਿਤਾ ਕਿ ਜਹਿੜਾ ਆਦਮੀ ਪਟਿਆਲੇ ਸ਼ਹਿਰ ਵਿਚ ਜਾ ਕੇ ਵਸੇਗਾ, ਉਹਆਪਣਾ ਕੜੀਕਾਠ ਏਥੋਂ ਉਤਾਰਕੇ ਲੈਜਾ ਸਕਦਾ ਹੈ ਤੇ ਉਥੇ ਉਸਨੂੰ ਉਤਨੀਹੀ ਜਮੀਨ ਰਹਿਣ ਲਈ ਤੇ ਮਕਾਨ ਬਨਾਣਲਈ ਮੁਫਤ ਦਿਤੀ ਜਾਵੇਗੀ। ਮਹਾਰਾਜਾ ਦੀ ਇਸ ਸਚੀ ਬਹਾਦਰੀ ਨੇ ਲੋਕਾਂ ਦੇ ਦਿਲਾਂ ਵਿਚ ਘਰ ਕਰ ਲਿਤਾ, ਹਜਾਰਾਂ ਹਿੰਦੂ ਤੇ ਮੁਸਲਮਾਨ ਸੈਫਾਬਾਦ ਨੂੰ ਛਡ ਕੇ ਪਟਿਆਲੇ ਆ ਵਸੇ ਇਨਾਂ ਨੂੰ ਸੈਫਾਬਾਦ ਵਾਲੀ ਜਮੀਨ ਦੇ ਬਦਲੇ ਪਟਿਆਲੇ ਵਿਖੇ ਮਹਾਰਾਜਾ ਸਾਹਿਬ ਨੇ ਮੁਫਤ ਜਮੀਨ ਦੇ ਦਿਤੀ। ਉਨਾਂ ਦੀ ਉਲਾਦ ਅਜ ਤੀਕ ਇਥੇ ਅਮਨ ਤੇ ਚੈਨ ਦੀ ਆਯੂ ਬਤੀਤ ਕਰ ਰਹੀ ਹੈ।

ਬਚਿਓ ! ਕੁਝ ਧਿਆਨ ਕਰੋ !! ਜੇ ਮਹਾਰਜਾ ਸਾਹਿਬ ਚਾਹੁੰਦੇ, ਤਾਂ ਇਸ ਲੜਾਈ ਵਿਚ ਹਜਾਰਾਂ ਆਦਮੀਆਂ ਨੂੰ ਮਾਰ ਸੁਟਦੇ, ਤੇ ਸੈਫਾਬ ਦ ਦ ਇਟਦੇ ਨਾਲ ਇਟਬਜਾ ਦਿੰਦੇ, ਅਤੇ ਗੁਲਬੇਗ ਖਾਂਨੂੰ ਫਾਂਸੀ ਤੇ ਚਾੜ ਦਿੰਦੇ। ਪਟਿਅਲਾ ਬਸਾਉਣ ਲਈ ਲੋਕਾਂ ਨੂੰ ਧਕੇ ਜੋਰੀ ਨਾਲ ਉਥੋਂ ਲਿਉਂਦੇ। ਇਹ ਸਭ ਕੰਮ ਉਹ ਕਰ ਸਕਦੇ ਸਨ, ਤੇ ਵੇਰੀਐ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹਾ ਵਰਤਾਉ ਕਰਨਾ ਦੂਜੇ ਲੋਕਾਂ ਨੂੰ ਬੁਰਾ ਭੀ ਨਹੀਂ ਲੱਗਣਾ ਸੀ, ਪਰ ਸੱਚੀ ਬਹਾਦਰੀ ਇਹੋ ਸੀ, ਕਿ ਮਹਾਰਾਜਾ ਸਾਹਿਬ ਨੇ ਆਪਣੀ ਤਾਕਤ ਤੇ ਫੌਜੀ ਬਹੁਲਤਾ ਤੋਂ ਕੋਈ ਅਣਹੋਂਦਾ ਲਾਭ ਨਹੀਂ ਉਠਾਇਆ। ਜੋਸ਼ ਤੇ ਗੁਸੇ ਤੋਂ ਕੋਈ ਕੰਮ ਨਹੀਂ ਲਿਤਾ, ਤੇ ਇਸ ਗੱਲ ਦਾ ਖਾਸ ਖਿਆਲ ਰੱਖਿਆ, ਕਿ ਜੋਸ਼ ਦੇ ਸਮੇਂ ਮਨੁੱਖੀ ਭਲਮਣਸਊ ਨੂੰ ਹੱਥੋਂ ਨਾ ਜਾਣ ਦਿੱਤਾ ਜਾਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰੀਬ ਨਿਵਾਜ਼

ਮਹਾਰਾਜਾ ਬਾਬਾ ਆਲਾ ਸਿੰਘ ਸਾਹਿਬ ਨੂੰ ਸਵਰਗਵਾਸ ਹੋਏ ਅਜੇ ਦੋ ਚਾਰ ਦਿਨ ਹੀ ਹੋਏ ਸਨ ਕਿ ਮਨੀ ਮਾਜਰੇ ਦੇ ਰਈਸ ਗ਼ਰੀਬ ਦਾਸ ਨੇ ਰਿਆਸਤ ਪਟਿਆਲਾ ਦੇ ਇਸ ਹਿਸੇ ਪਰ ਅਧਿਕਾਰ ਜਮਾ ਲਿਤਾ, ਜਿਹੜਾ ਪਹਾੜ ਦੇ ਦਾਮਨ ਵਿਚ ਸੀ। ਉਸਨੇ ਅਜੇਹਾ ਕੰਮ ਦੋ ਕਾਰਨਾਂ ਕਰਕੇ ਕੀਤਾ। ਇਕ ਤਾਂ ਉਹ ਜਾਣਦਾ ਸੀ ਕਿ ਸ਼ਾਇਦ ਨਵਾਂ ਮਹਾਰਾਜਾ ਆਪਣੇ ਇਲਾਕੇ ਨੂੰ ਨਾ ਜਾਣਦਾ ਹੋਵੇ ਤੇ ਇਨ੍ਹਾਂ ਨੂੰ ਸਰਹੱਦੀ ਇਲਾਕਿਆਂ ਵਲ ਧਿਆਨ ਦੇਣਦੀ ਅਜੇ ਵੇਹਲ ਨਹੀਂ ਹੋਣੀ। ਦੂਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜੌਰ ਦਾ ਥਾਨੇਦਾਰ ਅੱਚਣ ਚੇਤ ਬੀਮਾਰ ਹੋਕੇ ਚਲਿਆ ਗਿਆ ਤੇ ਥਾਣਾ ਖਾਲੀ ਹੋ ਗਿਆ।

ਇਸ ਸਮੇਂ ਥਾਣੇਦਾਰ ਤੇ ਫੌਜਦਾਰ ਦਾ ਅਹੁਦਾ ਇਕੱਠਾ ਹੁੰਦਾ ਸੀ। ਭਾਵ ਥਾਣੇਦਾਰ ਦੇ ਅਧੀਨ ਫੌਜ ਭੀ ਕੰਮ ਕਰਦੀ ਸੀ। ਇਸ ਨੇ ਥਾਣੇਦਾਰ ਦੇ ਚਲੇ ਜਾਣ ਤੋਂ ਲਾਭ ਉਠਾਕੇ ਪੰਜੋਰ ਦੇ ਇਲਾਕੇ ਪਰ ਕਬਜ਼ਾ ਕਰ ਲਿਆ। ਪਰ ਉਸਨੂੰ ਪਤਾ ਨਹੀਂ ਕਿ ਜਿਹੜੀ ਰਿਆਸਤ ਦੇ ਮਹਾਰਾਜਿਆਂ ਦੀ ਗੁੜ੍ਹਤੀ ਵਿਚ ਨਿਆਉਂ, ਧਰਮ ਪਰਉਪਕਾਰ ਤੇ ਦਯਾ ਕੁਟ ਕੁਟ ਕੇ ਭਰੀ ਹੋਵੇ, ਉਸਦਾ ਰਾਜ ਉਸ ਥਾਂ ਦੀ ਜ਼ਮੀਨ ਤੇ ਨਹੀਂ ਹੁੰਦਾ, ਸਗੋਂ ਲੋਕਾਂ ਦੇ ਦਿਲਾਂ ਤੇ ਭੀ ਹੁੰਦਾ ਹੈ।

ਪੰਜੌਰ ਦੇ ਇਲਾਕੇ ਦੇ ਵਸਨੀਕ ਇਕ ਪਾਸੇ ਤਾਂ ਗਰੀਬ ਦਾਸ ਦੇ ਕਾਰਨਾਮਿਆਂ ਨੂੰ ਜਾਣਦੇ ਸਨ ਤੇ ਦੂਜੇ ਪਾਸੇ ਰਿਆਸਤ ਪਟਿਆਲਾ ਦੇ ਨਾਉਂ ਭਰੇ ਰਾਜ ਪਰਬੰਧ ਤੋਂ ਭੀ ਚੰਗੇ ਸਿਆਣੂ ਸਨ। ਇਸ ਲਈ ਗਰੀਬ ਦਾਸ ਨੇ ਉਥੋਂ ਦੀ ਜ਼ਮੀਨ ਪਰ ਤਾਂ ਅਧਿਕਾਰ ਜਮਾ ਲਿਤਾ, ਪਰ ਉਸ ਥਾਂ ਦੇ ਵਸਨੀਕਾਂ ਦੇ ਦਿਲਾਂ ਵਿਚੀ ਘਰ ਨਾਂ ਕਰ ਸਕਿਆ। ਲੋਕਾਂ ਨੇ ਇਸਦੀ ਧੱਕੇ ਸ਼ਾਹੀ ਦੇ ਸਾਰੇ ਹਾਲ ਪਟਿਆਲੇ ਮਹਾਰਾਜਾ ਤੀਕ ਪਹੁੰਚਾ ਦਿਤੇ। ਮਹਾਰਾਜਾ ਸਾਹਿਬ ਸੇ ਮਲਕ ਲੱਖਾ ਡੋਗਰ ਬਖਸ਼ੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਹਜ਼ਾਰ ਸਵਾਰ ਦੇ ਕੇ ਇਸ ਨੂੰ ਧੱਕੇ ਸ਼ਾਹੀ ਦੀ ਸਜ਼ਾ ਦੇਣ ਲਈ ਭੇਜਿਅ । ਡੂਢ ਮਹੀਨਾ ਆਪਸ ਵਿਚ ਮੁਠ ਭੀਣ ਹੁੰਦੀ ਰਹੀ ਤੇ ਅੰਤ ਨੂੰ ਗਰੀਬ ਦਾਸ ਨੇ ਹਾਰ ਖਾਧੀ । ਉਹ ਆਪਣਾ ਭੀ ਬਹੁਤ ਸਾਰਾ ਇਲਾਕਾ ਖੋ ਬੈਠਿਆ । ਇਸ ਸਮੇਂ ਇਸ ਪਾਸ ਥੋੜਾ ਜਿਹਾ ਇਲਾਕਾ ਰਹਿ ਗਿਆ ।

ਇਸ ਨੇ ਆਪਣੀ ਹਾਰ ਦਾ ਬਦਲਾ ਉਤਾਰਨ ਲਈ ਰਿਆਸਤ ਪਟਿਆਲਾ ਦੇ ਵੈਰੀਆਂ ਨੂੰ ਜਿਹੜੇ ਕਈ ਵੇਰ ਮਹਾਰਾਜਾ ਤੋਂ ਹਾਰ ਖਾ ਚੁਕੇ ਸਨ, ਇਕੱਠਾ ਕਰਨ ਦਾ ਯਤਨ ਕੀਤਾ ਤੇ ਰਿਆਸਤ ਵਿਚ ਲੁਟ ਮਾਰ ਮਚਾਣੀ ਚਾਹੀ ਤੇ ਉਨ੍ਹਾਂ ਨੂੰ ਅਜਿਹਾ ਕਰਨ ਦੀ ਹਲਾ ਸ਼ੇਰੀ ਦੇਣ ਲਗਾ ।

ਮਹਾਰਾਜਾ ਸਾਹਿਬ ਜੋ ਆਪਣੀ ਰਿਆਇਆ ਨਾਲ ਪਿਆਰ ਰਖਦੇ ਸਨ, ਉਹ ਅਜਿਹਾ ਕੰਮ ਕਦ ਹੋਣ ਦਿੰਦੇ ਸਨ, ? ਮਹਾਰਾਜਾ ਅਮਰ ਸਿੰਘ ਜੀ ਵਡੇ ਬੁਧੀਵਾਨ ਤੇ ਨੀਤੀਵੇਤਾ ਸਨ ਉਨ੍ਹਾਂ ਨੇ ਫੌਰਨ ਹੀ ਪਤਾ ਲਗਾ ਲੀਤਾ, ਕਿ ਇਸ ਕੰਮ ਦਾ ਮੋਢੀ ਗਰੀਬ ਦਾਸ ਹੈ, ਜਿਸਦੇ ਅੰਦਰ ਬਦਲਾ ਲੈਣ ਦੀ ਅੱਗ ਠਾਠਾਂਮਾਰ ਰਹ੍ ਹੈ। ਮਹਾਰਾਜਾ ਸਾਹਿਬ ਨੇ ਝਟ ਆਪਣੇ ਦੋ ਰਿਸ਼ਤੇਦਾਰ ਸਰਦਾਰਾਂ ਨੂੰ ਸਦ, ਫੌਜ ਦੇਕੇ ਇਸ ਨੂੰ ਸਜ਼ਾ ਦੇਣ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਜਿਆ। ਫੌਜ ਪਿੰਡ ਦਰ ਪਿੰਡ ਫਤਹ ਪਾਂਦੀ ਹੋਈ ਅਗੇ ਵਧਦੀ ਗਈ, ਇਥੋਂ ਤੀਕ ਕਿ ਗਰੀਬ ਦਾਸ ਅੰਤ ਨੂੰ ਮਨੀ ਮਾਜਰੇ ਦੇ ਕਿਲੇ ਵਿਚ ਜਾ ਲੁਕਿਆ। ਫੌਜ ਨੇ ਕਿਲੇ ਨੂੰ ਘੇਰਾ ਪਾ ਲੀਤਾ।

ਜਦੋਂ ਗਰੀਬ ਦਾਸ ਨੇ ਵੇਖਿਆ ਕਿ ਇਲਾਕਾ ਤਾਂ ਖੁਸ ਗਿਆ ਹੈ, ਕਿਲਾ ਭੀ ਖੁਸ ਜਾਏ ਗਾ, ਤਾਂ ਉਸਨੂੰ ਹੋਸ਼ ਆਈ ਤੇ ਮਹਾਰਾਜੇ ਦੇ ਸਰਦਾਰਾਂ ਪਾਸ ਇਹ ਖਬਰ ਭੇਜੀ, ਕਿ ਮੈਂ ਅਗੇ ਨੂੰ ਅਜਿਹਾ ਕੰਮ ਨਹੀਂ ਕਰਾਂਗਾ। ਇਸ ਦੀ ਇਹ ਖਬਰ ਮਹਾਰਾਜਾ ਸਾਹਿਬ ਪਾਸ ਭੇਜੀ ਗਈ। ਮਹਾਰਾਜਾ ਅਮਰ ਸਿੰਘ ਸਾਹਿਬ ਨੇ ਕੈਹ ਭੇਜਿਆ ਕਿ ਉਹ ਜੋ ਕੁਝ ਬੇਨਤੀ ਕਰਨੀ ਚਾਹੇ, ਪਟਿਆਲੇ ਹਾਜ਼ਰ ਹੋਕੇ ਕਰੇ। ਇਸ ਹੁਕਮ ਦੇ ਪੁਜਦੇ ਹੀ ਗਰੀਬ ਦਾਸ ਨਜ਼ਰ ਦਾ ਘੋੜਾ ਲੈਕੇ ਮਹਾਰਾਜੇ ਦੀ ਸੇਵਾ ਵਿਚ ਤੁਰ ਪਿਆ ਤੇ ਹਾਜ਼ਰ ਹੋਕੇ ਬੇਨਤੀ ਕੀਤੀ, "ਹਜ਼ੂਰ ਇਸ ਵਿਚ ਸੰਦੇਹ ਨਹੀਂ ਕਿ ਮੈਂ ਕਸੂਰ ਕੀਤਾ ਹੈ, ਮੈਂ ਸ਼ਰਮਿੰਦਾ ਹਾਂ ਕਿ ਮੈਂ ਥੋਂ ਵਡੀ ਭੁਲ ਹੋਈ। ਹੁਣ ਖਿਮਾਂ ਮੰਗਦਾਂ ਹਾਂ ਤੇ ਅਗੇ ਨੂੰ ਅਜਿਹੀ ਬੁਰੀ ਕਾਰਵਾਈ ਨਾ ਕਰਾਂਗਾ"।

ਮਹਾਰਾਜਾ ਸਾਹਿਬ ਵਡੇ ਦਿਆਲੂ, ਸਮਝਦਾਰ ਤੇ ਨੀਤੀਵੇਤਾ ਸਨ। ਉਨ੍ਹਾਂ ਨੇ ਗਰੀਬ ਦਾਸ ਦੀ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰੀਬੀ ਦੀ ਦਸ਼ਾ ਤੇ ਤਰਸ ਖਾਧਾ ਤੇ ਮੁਆਫ ਕਰ ਦਿਤਾ, ਤੇ ਇਸ ਤੇ ਇਤਨੇ ਵਰੋਸਾਏ ਕਿ ਇਸਦਾ ਸਾਰਾ ਇਲਾਕਾ ਇਸਨੂੰ ਵਾਪਸ ਦੇ ਦਿੱਤਾ।

ਬਚਿਓ! ਤੁਸੀਂ ਵੇਖਿਆ, ਕਿ ਉਹ ਗਰੀਬ ਦਾਸ ਜਿਸਨੇ ਆਪ ਭੀ ਰਿਆਸਤ ਦੇ ਇਲਾਕੇ ਪਰ ਹੱਲਾ ਕੀਤਾ ਤੇ ਦੂਜੇ ਲੋਕਾਂ ਨੂੰ ਭੀ ਅਜਿਹਾ ਕਰਨ ਦਾ ਹੀਆ ਬੰਧਾਇਆ ਅਤੇ ਜਿਸਦਾ ਸਾਰਾ ਇਲਾਕਾ ਮਹਾਰਾਜਾ ਸਾਹਿਬ ਫਤੇ ਕਰ ਚੁਕੇ ਸਨ, ਜਦੋਂ ਮਹਾਰਾਜੇ ਦੀ ਸੇਵਾ ਵਿਚ ਹਾਜ਼ਰ ਹੋਕੇ ਖਿਮਾ ਮੰਗਦਾ ਹੈ ਤੇ ਆਪਣੀਆਂ ਭੁਲਾਂ ਪਰ ਪਸਚਾਤਾਪ ਕਰਦਾ ਹੈ, ਤਾਂ ਮਹਾਰਾਜਾ ਅਮਰ ਸਿੰਘ ਸਾਹਿਬ, ਉਸਨੂੰ ਆਪਣੀ ਦਿਆਲਤਾ ਤੋਂ ਖਾਲੀ ਨਹੀਂ ਜਾਣ ਦਿੰਦੇ ਤੇ ਉਸਦਾ ਪੱਲਾ ਉਸਦੀ ਦਿਲੀ ਉਮੰਗਾਂ ਨਾਲ ਭਰਪੂਰ ਕਰ ਦਿੰਦੇ ਹਨ।

ਹੁਣ ਤੁਸੀਂ ਆਪ ਹੀ ਅਨੁਮਾਨ ਲਾ ਸਕਦੇ ਹੋ ਕਿ ਜਿਹੜਾ ਮਹਾਰਾਜਾ ਆਪਣੇ ਵੈਰੀ ਨਾਲ ਅਜਿਹਾ ਵਰਤਾਓ ਕਰ ਸਕਦਾ ਹੈ, ਆਪਣੀ ਰਈਅਤ ਤੇ ਮਿੱਤ੍ਰਾਂ ਨਾਲ ਕਿਹੋ ਜਿਹਾ ਪਿਆਰ ਤੇ ਪਰਉਪਕਾਰ ਕਰਦਾ ਹੋਣਾ ਹੈ?

—ooo—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰਹਟਿਆਂ ਦੀ ਹਾਰ

ਅਸਾਡੇ ਦੇਸ ਵਿਚ ਉਂਵ ਤਾਂ ਅਨੇਕਾਂ ਬਹਾਦਰ ਤੇ ਹੌਂਸਲੇ ਵਾਲੀਆਂ ਇਸਤ੍ਰੀਆਂ ਹੋ ਚੁਕੀਆਂ ਹਨ। ਪਰ ਵਿਸ਼ੇਸ਼ ਕਰਕੇ ਤਿੰਨ ਇਸਤ੍ਰੀਆਂ ਦੀਆਂ ਬਹਾਦਰੀਆਂ ਪ੍ਰਸਿੱਧ ਹਨ—ਚਾਂਦ ਬੀਬੀ, ਅਹਲਿਆ ਬਾਈ ਤੇ ਬੀਬੀ ਸਾਹਿਬ ਕੌਰ। ਰਬ ਦੀ ਕੁਦਰਤ ਵੇਖੋ! ਉਸ ਨੇ ਹਿੱਮਤ ਹੌਸਲਾ ਤੇ ਦ੍ਰਿੜ ਵਿਸ਼ਵਾਸ ਕਿਸੇ ਇਕ ਜ਼ਾਤੀ ਲਈ ਨੀਯਤ ਨਹੀਂ ਕੀਤਾ, ਅਤੇ ਜਿਥੋਂ ਤੀਕ ਅਸਾਡੇ ਦੇਸ਼ ਦਾ ਸਬੰਧ ਹੈ ਉਸ ਨੇ ਬਹੁਤ ਹੀ ਨਿਆਉ ਤੋਂ ਕੰਮ ਲੀਤਾ ਹੈ। ਚਾਂਦ ਬੀਬੀ ਮੁਸਲਮਾਨ, ਅਹਲਿਆ ਬਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਦੂ ਤੇ ਬੀਬੀ ਸਾਹਿਬ ਕੌਰ ਸਿਖ ਸੀ।

ਮਹਾਰਾਜਾ ਅਮਰ ਸਿੰਘ ਵਡੇ ਸ਼ੇਰ ਦਿਲ ਮਹਾਰਾਜਾ ਸਨ। ਇਹ ਹਿੰਮਤ ਦੇ ਧਨੀ ਤੇ ਬਹਾਦਰੀ ਦੇ ਪੁੰਜ ਸਨ। ਜੇ ਵਾਹਿਗੁਰੂ ਇਨਾਂ ਨੂੰ ਹੋਰ ਦੀਰਘ ਆਯੂ ਬਖਸ਼ਦਾ ਤਾਂ ਉੱਤਰੀ ਹਿੰਦੁਸਤਾਨ ਵਿਚ ਇਨ੍ਹਾਂ ਜਿੱਡਾ ਤਾਕਤਵਰ ਬਾਦਸ਼ਾਹ ਹੋਰ ਕੋਈ ਨਾ ਹੁੰਦਾ ਤੇ ਇਤਿਹਾਸਾਂ ਵਿਚ ਇਨ੍ਹਾਂ ਦਾ ਨਾਉਂ ਮਹਾਰਾਜਾ ਰਣਜੀਤ ਸਿੰਘ ਸਾਹਿਬ ਨਾਲੋਂ ਭੀ ਉੱਘਾ ਵਿਖਾਈ ਦਿੰਦਾ। ਪਰ ਸ਼ੋਕਕਿ ਕੁਦਰਤ ਨੂੰ ਅਜਿਹਾ ਮਨਜ਼ੂਰ ਨਹੀਂ ਸੀ ਤੇ ਇਨ੍ਹਾਂ ਨੂੰ ਜਵਾਨੀ ਦੀ ਅਵਸਥਾ ਵਿਚ ਹੀ ਆਪਣੇ ਪਾਸ ਬੁਲਾ ਭੇਜਿਆ।

ਮਹਾਰਾਜਾ ਅਮਰ ਸਿੰਘ ਸਾਹਿਬ ਤੋਂਪਿਛੋਂ ਇਨ੍ਹਾਂ ਦੇਸਪੁਤਰ ਮਹਾਰਾਜਾ ਸਹਿਬ ਸਿੰਘ ਜੀ ਜੇਹੜੇ ਅਜੇ ਬਾਲ ਹੀ ਸਨ ਗੱਦੀ ਪੁਰ ਬੈਠੇ ਤੇ ਰਿਆਸਤ ਦਾ ਪ੍ਰਬੰਧ ਦੀਵਾਨ ਨਾਨੂੰ ਮਲ ਦੇ ਹਥ ਵਿਚ ਆਗਿਆ। ਜੋਵਾਨ ਹੋਣ ਪਰ ਮਹਾਰਾਜਾ ਨੇ ਰਾਜ ਪਾਟ ਸਾਂਭ ਲੀਤਾ। ਇਸ ਵੇਲੇ ਉਨ੍ਹਾਂ ਲੋਕਾਂ ਨੇ ਜਿਨ੍ਹਾਂ ਦੇ ਹਥ ਵਿਚ ਰਿਆਸਤ ਦਾ ਪ੍ਰਬੰਧ ਸੀ। ਆਪਣੇ ਅਖਤਿਆਰ (ਅਧਿਕਾਰ) ਖੁਸ ਜਾਣ ਦੇ ਕਾਰਨ ਰੋਸ ਵਜੋਂ ਤੇ ਆਪਣਾ ਅਸਰ ਲੋਕਾਂ ਦੇ ਦਿਲਾਂ ਵਿਚ ਕਾਇਮ ਰਖਣ ਪ੍ਰਤੀ, ਭਾਂਤ ੨ ਦੀਆਂ ਚਾਲਾਂ ਚਲਣੀਆਂ ਅਰੰਭ ਦਿਤੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਰਾਜਾ ਸਾਹਿਬ ਆਪਣੇ ਪਿਤਾ ਪਿਤਾਮਾਂ ਵਾਂਗ ਵਡੇ ਗੁਣੀ, ਸਮਝਦਾਰ ਤੇ ਮਨੁਸ਼ ਦੀ ਪਹਿਚਾਨ ਕਰਨ ਵਾਲੇ ਸਨ। ਆਪ ਨੇ ਰਿਆਸਤ ਨੂੰ ਇਨ੍ਹਾਂ ਭੁਖੇ ਬਘਿਆੜਾਂ ਤੋਂ ਬਚਾਕੇ ਰੱਖਣ ਲਈ ਵੱਡੀ ਰਾਜਨੀਤੀ ਤੇ ਦੂਰ ਦਰਸ਼ੀ ਤੋਂ ਕੰਮ ਲੀਤਾ ਤੇ ਆਪਣੀ ਛੋਟੀ ਭੈਣ ਬੀਬੀ ਸਾਹਿਬ ਕੌਰ ਜੀ ਨੂੰ ਉਨ੍ਹਾਂ ਦੇ ਸਹੁਰੇ ਘਰ ਤੋਂ ਬੁਲਵਾ ਲੀਤਾ ਤੇ ਉਨ੍ਹਾਂ ਦੇ ਪਟਿਆਲੇ ਪੁਜਣ ਤੇ ਰਿਆਸਤ ਦਾ ਪ੍ਰਬੰਧ ਇਨ੍ਹਾਂ ਨੂੰ ਸੌਂਪ ਦਿਤਾ।

ਜਦੋਂ ਗੁਲਛੱਰਰੇ ਉਡਾਨ ਵਾਲੇ ਮਨ ਮੰਨੀ ਕਾਰਵਾਈਆਂ ਕਰਨ ਵਾਲੇ ਅਹਿਲਕਾਰਾਂ ਨੇ ਰਿਆਸਤ ਦਾ ਪਰਬੰਧ ਬੇਲਾਗ ਤੇ ਨਿਆਂ ਪਸੰਦ ਬੀਬੀ ਸਾਹਿਬ ਕੌਰ ਦੇ ਹਥ ਵੇਖਿਆ, ਤਾਂ ਇਨ੍ਹਾਂ ਨੂੰ ਨੁਕਸਾਨ ਪਹੁੰਚਾਣ ਦੀਆਂ ਵਿਉਂਤਾਂ ਸੋਚਣ ਲੱਗੇ। ਉਨ੍ਹਾਂ ਨੇ ਇਕ ਪਾਸੇ ਤਾਂ ਫਤੇਗੜ੍ਹ ਦੇ ਸਰਦਾਰ ਫਤੇ ਸਿੰਘ ਨੂੰ ਉਭਾਰ ਕੇ ਬੀਬੀ ਸਾਹਿਬ ਕੌਰ ਦੇ ਘਰਵਾਲੇ ਸ: ਜੈਮਲ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਵਾ ਦਿਤਾ ਤੇ ਦੂਜੇ ਪਾਸੇ ਮਰਹਟਿਆਂ ਨਾਲ ਸਾਜ਼ਸ਼ ਕਰਕੇ ਉਨ੍ਹਾਂ ਨੂੰ ਪਟਿਆਲੇ ਪਰ ਹਮਲਾ ਕਰਨ ਲਈ ਚੁਕ ਦਿਤਾ। ਪਰ ਬੀਬੀ ਸਾਹਿਬ ਕੌਰ ਜੀ ਇਨ੍ਹਾਂ ਗੱਲਾਂ ਤੋਂ ਰਤਾ ਭੀ ਨਹੀਂ ਘਾਬਰੇ। ਉਹ ਇਕ ਸ਼ੇਰ ਦਿਲ ਬਾਪ ਦੀ ਸਪੁਤ੍ਰੀ ਸੀ ਤੇ ਇਕ ਹੌਂਸਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੇ ਵੀਰ ਦੀ ਭੈਣ ਸੀ। ਆਪ ਨੇ ਡੋਗਰ ਫੌਜਦਾਰ ਨਾਲ ਲੀਤਾ ਤੇ ਫਤੇਗੜ੍ਹ ਪਰ ਹਲਾ ਕਰ ਤਲਵਾਰ ਦੇ ਜ਼ੋਰ ਨਾਲ ਆਪਣੇ ਘਰਵਾਲੇ ਨੂੰ ਛੁੜਾ ਲਿਆਂਦਾ ।

ਇਸ ਤੋਂ ਪਿਛੋਂ ਮਰਹਟਿਆਂ ਦੀ ਵੀਹ ਹਜ਼ਾਰ ਫੌਜ ਪੰਜਾਬ ਦੇ ਪੂਰਬ ਦਖਣ ਵਾਲੇ ਪਾਸੇ ਤੇ ਚੜ੍ਹ ਅ ਈ। ਲਛਮਨ ਰਾਉ ਤੇ ਅੰਟਾ ਰਾਉ ਇਸਦੇ ਜਰਨੈਲ ਸਨ। ਕਿਉਂਕਿ ਇਸ ਵੇਲੇ ਮਰਹੱਟਿਆਂ ਦੀ ਫੌਜ ਹਿੰਦੁਸਾਨ ਵਿਚ ਵੱਡੀ ਜ਼ੋਰਾਵਰ ਮਨੀ ਜਾਂਦੀ ਸੀ, ਇਸ ਕਰਕੇ ਜਦੋਂ ਇਲਾਕੇ ਦੇ ਛੋਟੇ ੨ ਰਈਸਾਂ ਸਰਦਾਰਾਂ ਨੇ ਇਨ੍ਹਾਂ ਦੀ ਫੌਜ ਦਾ ਅਉਣਾ ਸੁਣਿਆ, ਤਾਂ ਉਹ ਝਟ ਨਜ਼ਰਾਂ ਲੈ ਵਕੀਲਾਂ ਆਦਿਕਾਂ ਦੀ ਰਾਹੀਂ ਇਨ੍ਹਾਂ ਦੀ ਸੇਵਾ ਵਿਚ ਪੁੱਜੇ ਤੇ ਈਨ ਮੰਨ ਲੀਤੀ। ਪਰ ਸ਼ੇਰ ਦਿਲ ਮਹਾਰਾਜੇ ਦੀ ਬਹਾਦਰ ਸਪੁਤਰੀ ਬੀਬੀ ਸਾਹਿਬ ਕੌਰ ਨੇ ਇਨ੍ਹਨਾਲ ਲੜਾਈ ਕਰਣ ਦਾ ਪ੍ਰਣ ਕਰ ਲਿਤਾ ਤੇ ਸਤ ਹਜ਼ਾਰ ਫੌਜ ਲੈਕੇ ਰਾਜਗੜ੍ਹ ਮਕਾਮ ਤੇ, ਜਿਹੜਾ ਪਟਿਆਲੇ ਤੋਂ ਦਸ ਮੀਲ ਦੀ ਵਿਥ ਤੇ ਹੈ, ਮਰਹੱਟਿਆਂ ਦੀਫੌਜ ਤੇ ਹੱਲਾਂ ਬੋਲ ਦਿਤਾ। ਵਡੀ ਘਮਸਾਣ ਦੀ ਲੜਾਈ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਟਿਆਲੇ ਦੀ ਫੌਜ ਘਟ ਸੀ, ਇਸ ਲਈ ਬੀਬੀ ਸਾਹਿਬ ਦੀ ਫੌਜ ਦੇ ਪੈਰ ਹਿਲ ਗਏ । ਅਜੇ ਸਿਪਾਹੀ ਤੇ ਦੂਜੇ ਫੌਜੀ ਸਰਦਾਰ ਨਠਣ ਨੂੰ ਤਿਆਰ ਹੀ ਸਨ ਕਿ ਬੀਬੀ ਸਾਹਿਬ ਕੌਰ ਆਪਣੇ ਜੰਗੀ ਰਥ ਵਿਚੋਂ ਬਾਹਰ ਨਿਕਲ ਆਈ ਤੇ ਨੰਗੀ ਤਲਵਾਰ ਹਥ ਵਿਚ ਲੈ ਕੇ ਘੋੜੇ ਪਰ ਸਵਾਰ ਹੋ ਗਈ ਤੇ ਇਨਾਂ ਥਕੇ ਹਾਰੇ ਸਿਪਾਹੀਆਂ ਨੂੰ ਹਲਾ ਸ਼ੇਰੀ ਤੇ ਹੌਸਲਾ ਦਿਤਾ, ਅਤੇ ਲਲਕਾਰ ਕੇ ਆਖਿਆ ਕਿ "ਬਹਾਦਰਾਂ ਦੇ ਪੁਤਰੋ, ਪਿਛੇ ਨਾ ਹਟੋ, ਅਗੇ ਵਧੋ, ਮੇਰਾ ਸਾਥ ਦਿਓ । ਮੈਂ ਇਕ ਇੰਚ ਭੀ ਪਿਛੇ ਨਹੀਂ ਹਟਾਂ ਗੀ ।

ਬੀਬੀ ਸਾਹਿਬ ਦੀ ਇਸ ਅਨਾਜ਼ ਨੇ ਸਿਪਾਹੀਆਂ ਤੇ ਜਾਦੂ ਦਾ ਅਸਰ ਕੀਤਾ, ਤੇ ਜੇਹੜੇ ਸ਼ਿਪਾਹੀ ਹੌਸਲਾ ਛਡ ਬੈਠੇ ਸਨ ਤੇ ਭਜਣ ਨੂੰ ਤਿਆਰ ਸਨ, ਇਨਾਂ ਦਾ ਇਹ ਦਿਰੜ ਵਿਸ਼ਵਾਸ ਤੇ ਹੌਸਲਾ ਵੇਖ ਕੇ ਬਹੁਤ ਸ਼ਰਮਿੰਦਾ ਹੋਏ ਅਤੇ ਆਪਣੇਂ ਜਰਨੈਲ ਬੀਬੀ ਸਾਹਿਬ ਕੌਰ ਦੀ ਕਮਾਨ ਹੇਠ ਮਰਹਟਿਆਂ ਦੀ ਤਿਗਣੀ ਫੌਜ ਨਾਲ ਜਾਤ ਤੋੜ ਕੇ ਲੜੇ ਅਤੇ ਹਾਰੀ ਹੋਈ ਬਾਜ਼ੀ ਜਿਤ ਲੀਤੀ । ਸੂਰਜ ਡੁਬਣ ਤਕ ਤਲਵਾਰ ਚਲਦੀ ਰਹੀ ਰਾਤ ਨੂੰ ਮਰਹਟਿਆਂ ਦੀ ਥਕੀ ਹੋਈ ਫੌਜ ਤੇ ਬੀਬੀ ਨੇ ਫੇਰ ਛਾਪਾ ਮਾਰਿਆ । ਮਰਹਟਿਆਂ ਨੇ ਹਾਰ ਖਾਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਰਾਤੋ ਰਾਤ ਇਸ ਡਰ ਦੇ ਮਾਰੇ ਤੰਬੂ ਤੇ ਸਮਾਨ ਆਦਕ ਛਡ ਕੇ ਭਜ ਗਏ ਕਿ ਕਿਤੇ ਸਵੇਰ ਨੂੰ ਦਿਨ ਚੜ੍ਹੇ ਰਿਆਸਤ ਦੀ ਹੋਰ ਵਾਧੂ ਤਾਜਾ ਦਮ ਫੌਜ ਨਾ ਆ ਜਵੇ, ਇਸ ਤਰਾਂ ਇਹ ਮਦਾਨ ਖਾਲੀ ਹੋ ਗਿਆ।

ਬਚਿਓ ! ਤੁਸੀਂ ਵੇਖਿਆ ਕਿ ਬੀਬੀ ਸਾਹਿਬ ਕੌਰ ਨੇ ਆਪਣੀ ਰਿਆਸਤ ਦੇ ਵਸਨੀਕਾਂ ਨੂੰ ਮਰਹਟਿਆਂ ਦੀ ਲੁਟ ਮਾਰ ਤੋਂ ਬਚਾਨ ਲਈ ਆਪਣੀ ਜਾਂਨ ਤਕ ਦੀ ਪਰਵਾਹ ਨਹੀਂ ਕੀਤੀ। ਦੂਜੀ ਗਲ ਇਹ ਹੈ ਕਿ ਜੇ ਰਿਆਸਤ ਦੇ ਵਿਚ ਪਹਿਲਾ ਹੀ ਅਮਨ ਚੈਨ ਤੇ ਲੋਕ ਸੁਖੀ ਨਾ ਹੁੰਦੇ ਤਾਂ ਉਹ ਅਵਸ਼ ਮਰਹਟਿਆਂ ਨਾਲ ਜਾ ਮਿਰਦੇ ਤੇ ਰਿਆਸਤ ਦੇ ਸਾਰੇ ਇਲਾਕੇ ਵਿਚ ਗੜਬੜੀ ਮਚਾ ਦਿੰਦੇ। ਪਰ ਕਿਉਂਕਿ ਇਨਾਂ ਨੂੰ ਮਹਾਰਾਜੇ ਦੇ ਰਾਜ ਵਿਚ ਸੁਖ ਤੇ ਅਰਾਮ ਸੀ, ਉਹ ਮਹਾਰਾਜੇ ਨਾਲ ਪਿਆਰ ਕਰਦੇ ਸਨ। ਇਸ ਕਰਕੇ ਇਹ ਆਈ ਹੋਈ ਬਲਾ ਬਿਨਾਂ ਕਿਸੇ ਹੋਰ ਰਿਆਸਤੀ ਸਹਾਰੇ ਤੋਂ ਐਵੇਂ ਹੀ ਟਲ ਗਈ।

—000—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਯਾਵਾਨ ਮਹਾਰਾਜਾ

ਜਿਸ ਮਨੁਸ਼ ਦੇ ਸਮੇਂ ਵਿਚ ਸ਼ੋਰ ਨਾ ਹੋਵੇ, ਲੜਾਈਆਂ ਆਦਿਕ ਤੋਂ ਡਰਦਾ ਹੋਵੇ ਤੇ ਕਮਜ਼ੋਰ ਅਤੇ ਡਰਪੋਕ ਹੋਵੇ, ਜੇ ਅਜਿਹਾ ਆਦਮੀ ਆਪਣੇ ਵੈਰੀ ਨੂੰ ਦੰਡ ਨਾ ਦੇਵੇ ਤੇ ਇਸ ਪਾਸਿਓਂ ਅੱਖਾਂ ਮੀਟ ਰਖੇ ਤਾਂ, ਅਜੇਹੇ ਬੰਦੇ ਨੂੰ ਰਹਿਮ ਦਿਲ ਨਹੀਂ ਕਹਿ ਸਕਦੇ। ਰਹਿਮ ਦਿਲੀ ਤੇ ਦਿਆਲਤਾ ਉਸ ਆਤਮ ਸ਼ਕਤੀ ਨੂੰ ਆਖਦੇ ਹਨ, ਜੇਹੜੀ ਕਿਸੇ ਸ਼ੇਰ ਦਿਲ ਤੇ ਬਹਾਦੁਰ ਆਦਮੀ ਦੇ ਮਨ ਵਿਚ ਉਸ ਵੇਲੇ ਪੈਦਾ ਹੁੰਦੀ ਹੋਵੇ ਜਦੋਂ ਕਿ ਉਸਦਾ ਜਾਨੀ ਦੁਸ਼ਮਨ ਉਸਦੇ ਹੱਥ ਵਿਚ ਹੋ ਵੇ ਤੇ ਹਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਪਰਕਾਰ ਦੇ ਪੂਰੇ ੨ ਅਧਿਕਾਰਾਂ ਨੂੰ ਵਰਤ ਸਕਦਾ ਹੋਇਆ ਭੀ ਆਪਣੇ ਸ਼ਤਰੂ ਦੀਆਂ ਭੁਲਾਂ ਨੂੰ ਖਿਮਾ ਕਰ ਕੇ ਉਸ ਨੂੰ ਛਡ ਦੇਵੇ।

ਨਿਮਨ ਲਿਖਤ ਕਹਾਣੀ ਤੋਂ ਸਿਧ ਹੋਵੇ ਗਾ ਕਿ ਮਹਾਰਾਜਾ ਸਾਹਿਬ ਸਿੰਘ ਜੇਹੜੇ ਮਹਾਰਾਜਾ ਅਮਰ ਸਿੰਘ ਸਾਹਿਬ ਬਹਾਦਰ ਤੇ ਦਲੇਰ ਮਹਾਰਾਜਾ ਦੇ ਸ਼ੇਰ ਦਿਲ ਸਪੁਤ੍ਰ ਸਨ ਆਪ ਆਪਣੀ ਤਾਕਤ ਤੇ ਅਧਿਕਾਰਾਂ ਦਾ ਕੋਈ ਘਮੰਡ ਨਾ ਕਰਦੇ ਹੋਏ ਆਪਣੇ ਦੁਸ਼ਮਨ ਨਾਲ ਕੇਹੋ ਜਿਹਾ ਵਰਤਾਓ ਕਰਦੇ ਸਨ।

ਬਹਾਦਰ ਤੇ ਦਲੇਰ ਮਨੁਸ਼ ਉਹੀ ਹੁਦਾ ਹੈ, ਜਿਸ ਦਾ ਦਿਲ ਬਹੁਤ ਹੋਂਸਲੇ ਵਾਲਾ ਤੇ ਵਡਾ ਹੋਵੇ ਅਤੇ ਜਿਸ ਵਿਚ ਬਦਲਾ ਲੈਣ ਦੀਆਂ ਗਲਾਂ ਤੇ ਮਜ਼ਹਬੀ ਤਅਸਬ ਦੀ ਅਗ ਠਾਠਾ ਨਾ ਮਾਰਦੀ ਹੋਵੇ।

ਬਹਾਦਰ ਆਦਮੀ ਦੀ ਤਲਵਾਰ ਸਦਾ ਬਹਦਰ ਸਿਪਾਹੀ ਦੀ ਧੌਣ ਤੇ ਚਲਦੀ ਹੈ। ਕਿਸੇ ਕੈਦੀ ਤੇ ਨਿਹਥੇ ਆਦਮੀ ਨੂੰ ਕਤਲ ਕਰਨ ਲਈ ਨਹੀਂ ਹੁੰਦੀ।

ਲਓ ਸੁਣੋ! ਮਹਾਰਾਜਾ ਸਾਹਿਬ ਸਿੰਘ ਸਾਹਿਬ ਦੇਵੇਲੇ ਪਠਾਣਾਂ ਦੇ ਰਈਸ ਅਤਾਉਲਾ ਖਾਂ ਨੇ ਕਈ ਇਕ ਰਿਆਸਤੀ ਦੁਸ਼ਮਨਾਂ ਤੇ ਖੁਦਗਰਜ਼ਾਂ ਦੇ ਉਭਾਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ, ਰਿਆਸਤ ਪਟਿਆਲੇ ਦੀ ਸਰਹਦ ਤੇ ਕਬਜ਼ਾ ਕਰਨ ਲਈ ਚੜ੍ਹਾਈ ਕੀਤੀ। ਕਈ ਸੌ ਸਿਪਾਹੀਆਂ ਦੀ ਫੌਜ ਨਾਲ ਖਾਨ ਪੁਰ ਪਿੰਡ ਵਿਖੇ (ਜਿਹੜਾ ਪਟਿਆਲਾ ਤੋਂ ਵੀਹ ਮੀਲ ਦੀ ਵਿਥ ਤੇ ਦਖਣ ਪਛਮ ਵਲ ਹੈ) ਡੇਰਾ ਲਾ ਦਿਤਾ। ਇਸ ਦੇ ਸਿਪਾਹੀਆਂ ਨੇ ਆਲੇ ਦੁਆਲੇ ਦੇ ਲੋਕਾਂ ਦੁਖ ਦੇਣਾ ਅਰੰਭ ਦਿਤਾ ਤੇ ਇਰਦ ਗਿਰਦ ਦੇ ਪਿੰਡਾਂ ਉਤੇ ਕਬਜ਼ਾ ਕਰ ਲੀਤਾ।

ਮਹਾਰਾਜਾ ਸਾਹਿਬ ਇਸ ਰਈਸ ਦੀ ਬੁਰੀ ਚਾਲ ਨੂੰ ਸਹਾਰ ਨਾ ਸਕੇ। ਝਟ ਸਤ ਹਜ਼ਾਰ ਫੌਜ ਲੈਕੇ ਇਸ ਨੂੰ ਇਸ ਦੇ ਜ਼ੁਲਮਾਂ ਦੀ ਸਜ਼ਾ ਦੇਣ ਲਈ ਇਸ ਤੇ ਹੱਲਾ ਬੋਲ ਦਿਤਾ ਖਾਨਪੁਰ ਤੇ ਇਸਦੇ ਲਾਗੇ ਕਈ ਦਿਨਾਂ ਤੀਕ ਲੜਾਈਆਂ ਹੁੰਦੀਆਂ ਰਹੀਆਂ। ਹਰ ਮਦਾਨ ਵਿਚ ਮਹਾਰਾਜਾ ਸਾਹਿਬ ਨੂੰ ਜਿੱਤ ਹੁੰਦੀ ਰਹੀ ਤੇ ਅਤਾਉੱਲ ਪਿਛੇ ਹਟਦਾ ੨ ਆਪਣੇ ਇਲਾਕੇ ਵਿਚ ਜਾ ਵੜਿਆ ਮਹਾਰਾਜੇ ਨੇ ਇਸ ਦਾ ਪਿਛਾ ਨਾ ਛਡਿਆ ਤੇ ਇਸਦੇ ਇਲਾਕੇ ਪਰ ਭੀ ਅਧਿਕਾਰ ਜਮਾ ਲਿਆ। ਹੁਣ ਇਸ ਪਠਾਣ ਨੂੰ ਹੋਸ਼ ਆਈ ਕਿ ਸੋਚਿਆ ਤਾਂ ਰਿਆਸਤ ਤੇ ਕਬਜ਼ਾ ਕਰਨ ਲਈ ਸੀ ਤੇ ਹੁਣ ਆਪਣਾ ਇਲਾਕਾ ਭੀ ਗਵਾ ਬੈਠੇ ਅੰਤ ਇਸ ਨੂੰ ਇਹ ਵਉਂਤ ਸੁੱਝੀ ਕਿ ਇਹ ਮਹਾਰਾਜਾ ਦੀ ਦਯਾ ਤੇ ਮੇਹਰ ਤੇ ਭਰੋਸਾ ਰਖਕੇ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸੇਵਾ ਵਿਚ ਹਾਜ਼ਰ ਹੋਵੇ ਤੇ ਖਿਮਾਂ ਮੰਗੇ। ਇਸ ਲਈ ਇਕ ਹਾਥੀ ਕੁਝ ਗਹਿਣੇ ਤੇ ਕੁਝ ਨਜ਼ਰ ਲੈ ਕੇ ਮਹਾਰਾਜਾ ਸਾਹਿਬ ਸਿੰਘ ਸਾਹਿਬ ਦੀ ਸੇਵਾ ਵਿਚ ਪੁਜਿਆ। ਇਹ ਚੀਜ਼ਾਂ ਸੇਵਾ ਵਿਚ ਹਾਜ਼ਰ ਕਰਕੇ ਖਿਮਾਂ ਮੰਗੀ, ਅਤੇ ਬੇਨਤੀ ਕੀਤੀ ਕਿ ਮੈਂ ਫੇਰ ਕਦੀ ਆਪ ਦੇ ਹੁਕਮ ਦੀ ਪਾਲਣਾ ਕਰਨੋਂ ਮੂੰਹ ਨਹੀਂ ਮੋੜਾਂਗਾ, ਤੇ ਸਦਾ ਲਈ ਸੇਵਾ ਕਰਦਾ ਰਹਾਂਗਾ।

ਵੈਰੀ ਨੂੰ ਇਸ ਪਰਕਾਰ ਨਿੰਮਰਤਾ ਸਹਿਤ ਬੇਨਤੀ ਕਰਦਾ ਹੋਇਆ ਦੇਖਕੇ ਮਹਾਰਾਜਾ ਸਾਹਿਬ ਦੇ ਆਲੇ ਦੁਆਲੇ ਰਹਿਮ ਤੇ ਕਰਮ ਦੇ ਬਦਲ ਉਮਡੇ ਆਏ। ਇਸ ਬੇਨਤੀ ਤੇ ਸ਼ਰਮਿੰਦੀ ਅਧੋਗਤੀ ਨੂੰ ਦੇਖ ਕੇ ਉਸਨੂੰ ਖਿਮਾ ਕਰ ਦਿਤਾ, ਅਤੇ ਇਸਦੇ ਇਸ ਪ੍ਰਣ (ਵਾਇਦੇ) ਪੁਰ, ਕਿ ਉਹ ਅੱਗੇ ਨੂੰ ਹੁਕਮ ਦੀ ਪਾਲਣਾ ਕਰਦਾ ਰਹੇਗਾ, ਤੇ ਸੇਵਾਦਾਰ ਰਹੇਗਾ ਉਸਨੂੰ ਉਸਦਾ ਸਾਰਾ ਫਤੇ ਕੀਤਾ ਹੋਇਆ ਇਲਾਕਾ ਵਾਪਸ ਮੋੜ ਦਿਤਾ।

ਬਚਿਓ! ਤੁਸੀਂ ਬਹੁਤ ਸਾਰੇ ਬਾਦਸ਼ਾਹਾਂ ਦੇ ਹਾਲ ਸੁਣੇ ਹੋਣਗੇ। ਤਲਵਾਰ ਦੇ ਨਾਬ ਫਤੇ ਕੀਤਾ ਹੋਇਆ ਇਲਾਕਾ ਕਦੇ ਕਿਸੇ ਬਾਦਸ਼ਾਹ ਨੇ ਆਸਾਨੀ ਨਾਲ ਨਹੀਂ ਦਿਤਾ। ਪਰ ਰਿਆਸਤ ਦੇ ਮਹਾਰਾਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬਾਨ ਨੇ ਇਸ ਪਰਕਾਰ ਦੀਆਂ ਮਿਸਲਾਂ ਇਸ ਸਿਲਸਲੇ ਦੀਆਂ ਦੁਨੀਆ ਦੇ ਸਾਹਮਣੇ ਪੇਸ਼ ਕੀਤੀਆਂ ਹਨ, ਜਿਹੜੀਆਂ ਸਦੀਵ ਕਾਲ ਲਈ ਇਤਿਹਾਸਾਂ ਵਿਚ ਸੁਨਹਿਰੀ ਅਖਰਾਂ ਵਿਚ ਲਿਖਿਆਂ ਜਾਣਗੀਆਂ ਤੇ ਜਦੋਂ ਤੀਕ ਦੁਨੀਆ ਕਾਇਮ ਨੂੰ ਕੋਈ ਤਾਕਤ ਇਨਾਂ ਦੀਆਂ ਸ਼ਾਨਦਾਰ ਕਹਾਣੀਆ ਨੂੰ ਮਿਟਾ ਨਹੀਂ ਸਕੇਗੀ।

ਇਸ ਰਿਆਸਤ ਦੇ ਸਾਰੇ ਹਾਕਮ (ਹੁਕਮਰਾਨ) ਇਕ ਅਜੇਹੀ ਸੁਨਹਿਰੀ ਜ਼ੰਜੀਰ ਵਿਚ ਪਰੋਏ ਹਨ, ਜਿਸ ਦੀ ਹਰ ਇਕ ਕੜੀ ਇਕੋ ਭਾਂਤ ਦੀ, ਕੀਮਤੀ ਤੇ ਚਮਕਦਾਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਕੱਤੇ ਦਰਬਾਰ

ਬਚਿਓ ! ਮੈਂ ਅੱਜ ਤੁਹਾਨੂੰ ਉਸ ਦਯਾਵਾਨ ਮਹਾਰਾਜੇ ਦਾ ਬਿਰਤਾਂਤ ਸੁਨਾਉਂਦਾ ਹਾਂ, ਜਿਸ ਨੇ ਅੱਜ ਤੋਂ ਕੇਵਲ ਸੱਤਰ ਅੱਸੀ ਸਾਲ ਹੋਏ ਨਾ ਕੇਵਲ ਰਿਆਸਤ ਪਟਿਆਲਾ ਬਲਕਿ ਸੂਬਾ ਪੰਜਾਬ ਦੇ ਵਸਨੀਕਾਂ ਦੇ ਦਿਲਾਂ ਅੰਦਰ ਆਪਣਾ ਮਾਣ ਤੇ ਵਡਿਆਈ ਪੈਦਾ ਕਰ ਦਿਤੀ ਸੀ, ਸਗੋਂ ਅੰਗਰੇਜ਼ੀ ਹਿੰਦੁਸਤਾਨ ਤੇ ਦੂਜੀ ਦੇਸੀ ਰਿਆਸਤਾਂ ਦੇ ਰਈਸਾਂ ਤੇ ਵਸਨੀਕਾਂ ਨੂੰ ਭੀ ਆਪਣੇ ਵਡੇ ਵਡੇ ਕਾਰਨਾਨੇ, ਨੇਕ ਆਚਰਣ, ਦਿਆਲਤਾ ਤੇ ਵਿਦਵਤਾ ਦੇ ਬਲ ਨਾਲ ਆਪਣੀ ਵਲ ਖ਼ਿਚ ਲਿਤਾ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਰਾਜਾ ਨਰਿੰਦਰ ਸਿੰਘ ਸਾਹਿਬ ਦਾ ਨਾਉਂ ਕੌਣ ਨਹੀਂ ਜਾਣਦਾ ? ਇਹ ਉਹ ਪਹਿਲੇ ਹਿੰਦੁਸਤਾਨੀ ਮਹਾਰਾਜਾ ਹਨ ਜਿਨ੍ਹਾਂ ਨੇ ਆਪਣੀ ਰਿਆਸਤ ਦੇ ਪ੍ਰਬੰਧ ਖੁਰ ਪੂਰਨ ਭਰੋਸਾ ਰਖਦੇ ਹੋਏ ਆਪਣੀ ਰਿਆਸਤ ਤੋਂ ਬਾਹਰ ਦੂਜੀਆਂ ਬਹੁਤ ਸਾਰੀ ਦੇਸੀ ਰਿਆਸਤਾਂ ਤੇ ਸਰਕਾਰ ਅੰਗਰੇਜ਼ੀ ਦਾ ਰਾਜਧਾਨੀ ਤਕ ਸਫ਼ਰ ਕੀਤਾ, ਅਤੇ ਇਸ ਤੋਂ ਬਿਨਾਂ ਹਿੰਦੁਸਤਾਨ ਦੇ ਪਵਿਤਰ ਤੇ ਧਾਰਮਕ ਤੀਰਥਾਂ, ਯਥਾ—ਸ੍ਰੀ ਅਮ੍ਰਿਤਸਰ, ਰਿਖੀ ਕੇਸ਼ ਹਰਿਦਵਾਰ, ਬਦਰੀਨਾਥ, ਮਨਸਾ ਦੇਵੀ ਤੇ ਗਿਆ ਆਦਿਕ ਦੀ ਯਾਤਰਾ ਕੀਤੀ। ਇਸ ਸਮੇਂ ਮੋਟਰਾਂ, ਸਾਈ—ਕਲਾਂ, ਰੇਲਾਂ ਹਵਾਈ ਜਹਾਜ਼ ਨਹੀਂ ਸਨ ਕਿ ਮਹੀਨਿਆਂ ਦਾ ਸਫ਼ਰ ਘੰਟਿਆਂ ਵਿਚ ਕਰ ਲੀਤਾ ਜਾਂਦਾ। ਇਸ ਵੇਲੇ ਬੱਘੀ, ਸ਼ਿਕਰਮ, ਹਥਾ, ਘੋੜਿਆਂ ਜਾਂ ਪਾਲਕੀਆਂ ਦਵਾਰਾ ਸਫ਼ਰ ਕੀਤਾ ਜਾਂਦਾ ਸੀ। ਆਮ ਲੋਕਾਂ ਨੂੰ ਸਫ਼ਰ ਦੁਖਾਂ ਤੇ ਮੁਸੀਬਤਾਂ ਦਾ ਘਰ ਸੀ।

ਮਹਾਰਾਜਾ ਨਰਿੰਦਰ ਸਿੰਘ ਸਾਹਿਬ ਜੀ ਅਜ ਤੋਂ ਪੰਜਾਹ ਸਾਲ ਪਹਿਲਾਂ ਕਲਕੱਤੇ ਜਾਣ ਲਈ ਆਪਣੀ ਰਾਜਧਾਨੀ ਪਟਿਆਲੇ ਤੋਂ ਚੱਲੇ। ਪਟਿਆਲੇ ਤੋਂ ਸਨੌਰ ਤੇ ਏਥੋਂ ਪੜਾ ਦਰ ਪੜਾ ਕੂਚ ਕਰਦੇ ਹੋਏ ਬਨਾਰਸ ਪੁੱਜ ਤੇ ਏਥੇ ਮੰਦਰਾਂ ਤੇ ਗੁਰਦਵਾਰਿਆਂ ਵਿਚ ਹਜ਼ਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁਪਏ ਭੇਟਾ ਕੀਤੇ ਤੇ ਗੁਰਦਵਾਰਿਆਂ ਵਿਚ ਸਦਾ ਬਰਤ ਖੋਲ੍ਹੇ, ਜੇਹੜੇ ਅਜ ਤੀਕ ਚਲ ਰਹੇ ਹਨ। ਕਿਉਂਕਿ ਆਪ ਵਿਦਵਾਨਤੇ ਵਿਦਯਾ ਦੀ ਕਦਰ ਕਰਦੇ ਸਨ, ਆਪ ਨੇ ਉਥੋਂ ਦੇ ਉੱਘੇ ਉੱਘੇ ਪੰਡਤਾਂ ਨੂੰ ਸਦ ਕੇ ਗਿਆਨ ਚਰਚਾ ਸ਼ੁਰੂ ਕੀਤੀ ਤੇ ਗੋਸ਼ਟ ਸਮਾਪਤ ਹੋਣ ਪੁਰ ਉਨ੍ਹਾਂ ਨੂੰ ਬਹੁਤ ਇਨਾਮ ਆਦਿਕ ਦਿਤਾ। ਉਥੋਂ ਜਹਾਜ਼ ਤੇ ਸਵਾਰ ਹੋਕੇ ਕਲਕੱਤੇ ਪੁਜੇ। ਇਨ੍ਹਾਂ ਦਿਨਾਂ ਵਿਚ ਕਲਕੱਤੇ ਸਰਕਾਰ ਅੰਗਰੇਜ਼ੀ ਦੀ ਰਾਜਧਾਨੀ ਸੀ ਤੇ ਗਵਰਨਰ ਜਨਰਲ ਬਹਾਦਰ ਏਥੇ ਹੀ ਰਹਿੰਦੇ ਸਨ। ਜਿਸ ਵੇਲੇ ਕਲਕੱਤੇ ਦੀ ਬੰਦਰਗਾਹ ਤੇ ਜਹਾਜ਼ ਪੁਜਾ ਤਾਂ ਮਹਾਰਾਜਾ ਸਾਹਿਬ ਦੀ ਆਓ ਭਗਤ ਲਈ ਸਰਕਾਰ ਅੰਗਰੇਜ਼ੀ ਦੇ ਵਡੇ ਅਹੁਦੇਦਾਰ ਜਿਨ੍ਹਾਂ ਵਿਚ ਲੈਫਟੀਨੈਂਟ ਗਵਰਨਰ ਤੇ ਚੀਫ ਕਮਿਸ਼ਨਰ ਭੀ ਸਨ, ਜਹਾਜ ਤੇ ਪਹੁੰਚੇ। ਸਰਕਾਰੀ ਰਸਾਲੇ ਦੇ ਵਡੇ ਸਵਾਗਤ ਦੇ ਨਾਲ ਸ੍ਰੀ ੧੦੮ ਹਜੂਰ ਜੀ ਨੂੰ ਇਨਾਂ ਦੇ ਡੇਰੇ ਪਹੁੰਚਾਇਆ ਗਿਆ। ਗਵਰਨਮੈਂਟ ਅੰਗਰੇਜੀ ਵਲੋਂ ਸੈਕ੍ਰੇਟ੍ਰੀਆਂ ਦੀ ਰਾਹੀ ਮਹਾਰਾਜੇ ਦੇ ਸਵਾਰੀ ਉਪਰੋਂ ਉਤਰਨ ਤੇ ਪਹਿਲਾਂ ਵਡਿਆਈ ਵਜੋ ੧੩੦੦) ਰੁਪਏ ਮੇਵੇ ਤੇ ਮਠਿਆਈਆਂ ਭੇਜੀਆਂ ਗਈ। ਇਸ ਤੋਂ ਦੋ ਦਿਨ ਪਿਛੋਂ ਲਾਰਡ ਡਲਹੋਜੀ ਨੇ ਮਹਾਰਾਜ ਨਾਲ ਮੁਲਾਕਾਤ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਵਰਨਮੈਂਟ ਹਾਊਸ ਕਲਕੱਤਾ ਵਿਖੇ ਦਰਬਾਰ ਲਾਇਆ।

ਹੁਣ ਅਸੀਂ ਤੁਹਾਨੂੰ ਇਸ ਦਰਬਾਰ ਦਾ ਥੋਹੜ ਜਿਹਾ ਹਾਲ ਸੁਣਾਉਂਦੇ ਹਾਂ। ਗਵਰਨਮੈਂਟ ਹਾਊਸ ਬਹੁਤ ਸਜਿਆ ਹੋਇਆ ਸੀ। ਮਹਾਰਾਜਾ ਸਾਹਿਬ ਦੇ ਡੇਰੇ ਤੋਂ ਲੈ ਕੇ ਦਰਬਾਰ ਹਾਲ ਤੀਕ ਸਾਰੇ ਰਸਤੇ ਦੇ ਦੋਨੋਂ ਪਾਸੇ ਸਰਕਾਰ ਅੰਗਰੇਜ਼ੀ ਦੀ ਗੋਰਾ ਤੇ ਹਿੰਦੁਸਤਾਨੀ ਅਸਵਾਰ ਤੇ ਪਿਆਦਾ ਫੌਜ ਮਹਾਰਾਜਾ ਸਾਹਿਬ ਦੀ ਸਵਾਗਤ ਲਈ ਖੜੀ ਸੀ ਤੇ ਸੜਕ ਦੇ ਦੋਹੀਂ ਪਾਸੀਂ ਮਕਾਨਾਂ ਦੀਆਂ ਛੱਤਾਂ ਜਲੂਸ ਦੇਖਣ ਵਾਲੇ ਬੰਦਿਆਂ ਨਾਲ ਖਚਾ ਖਚ ਲੱਦੀਆਂ ਪਈਆਂ ਸਨ। ਹਾਲ ਦਰਬਾਰ ਤੋਂ ਬਹਾਰ ਬੈਂਡ ਵਾਜਾ ਖੁਸ਼ੀ ਦੀਆਂ ਸੁਰਾਂ ਲਗਾ ਰਹਿਆ ਸੀ, ਤੇ ਅੰਦਰ ਸਾਰਾ ਹਾਲ ਵਡੇ ੨ ਦੇਸੀ ਤੇ ਅੰਗਰੇਜ਼ੀ ਅਹੁਦੇਦਾਰਾਂ ਰਈਸਾਂ, ਸੈਕ੍ਰੇਟਰਆਂ, ਫੌਜੀ ਅਫਸਰਾਂ ਤੇ ਹੋਰ ਗੈਰ ਸਰਕਾਰੀ ਚੋਧਰੀਆਂ ਤੇ ਜਗੀਰ ਦਾਰਾਂ ਨਾਲ ਭਰਿਆ ਹੋਇਆ ਸੀ।

ਜਦੋਂ ਮਹਾਰਾਜਾ ਨਰਿੰਦਰ ਸਿੰਘ ਬਹਾਦਰ ਸਰਕਾਰੀ ਗੱਡੀ ਤੋਂ ਉਤਰੇ ਤਾਂ ਗਵਰਨਮੈਂਟ ਹਾਊਸ ਦੀ ਉੱਪਹਲੀ ਪੌੜੀ ਤੇ ਗਵਰਨਮੈਂਟ ਫ਼ਾਰਨ ਸੈਕ੍ਰੇਟਰੀ ਨੇ ਸਵਾਗਤ ਕੀਤਾ। ਜਦੋਂ ਮਹਾਰਾਜਾ ਸਾਹਿਬ ਹਾਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰ ਗਏ ਤਾਂ ਅਗੋਂ ਗਵਰਨਰ ਜਨਰਲ ਸਾਹਿਬ ਖ਼ੁਦ ਸਵਾਗਤ ਲਈ ਅਗੇ ਆਇ ਅਤੇ ਫੇਰ ਹਥ ਮਿਲਾਕੇ ਆਪਣੇ ਨਾਲ ਲਿਜਾ ਕੇ ਕੁਰਸੀ ਤੇ ਸੱਜੇ ਹਥ ਬਿਠਾਇਆ। ਕਿਲਾ ਸੇਂਟ ਫੋਰਟ ਵਿਲੀਅਮ ਤੋਂ ਤੋਪਾਂ ਦੀ ਸਲਾਮੀ ਅਤੇ ਗਵਰਨਮੈਂਟ ਦੀ ਵਲੋਂ ੪੧ ਕਿਸ਼ਤੀਆਂ ਵਿਚ ਮਹਾਰਾਜੇ ਦੀ ਸੇਵਾ ਵਿਚ ਤੁਹਫੇ ਪੇਸ਼ ਕੀਤੇ ਗਏ।

ਦਰਬਾਰ ਖਤਮ ਹੋਣ ਤੋਂ ਉਪਰੰਤ ਨਵਾਬ ਗਵਰਨਰ ਜਨਰਲ ਬਹਾਦਰ ਨੇ ਖੁਦ ਆਪਣੇ ਹੱਥ ਨਾਲ ਮਹਾਰਾਜੇ ਨੂੰ ਪਾਨ ਤੇ ਇਸਰ ਦਿੱਤਾ ਤੇ ਦਰਬਾਰੀ ਹਾਲ ਦੇ ਵਿਚਲੇ ਹਿੱਸੇ ਤਕ ਮਹਾਰਾਜੇ ਨੂੰ ਛੱਡਨ ਲਇਆ ਆਏ। ਇਹ ਮਹਾਰਾਜਾ ਸਾਹਿਬ, ਪਹਿਲੇ ਮਹਾਰਾਜਬ ਸਨ ਜਿਨ੍ਹਾਂ ਨੇ ਆਪਣੀ ਰਿਆਸਤ ਤੋਂ ਬਾਹਰ ਤੀਰਥ ਯਾਤਰਾ ਤੇ ਸੈਰ ਸਫ਼ਰ ਲਈ ਜਾਣ ਦਾ ਹੀਆ ਕੀਤਾ ਸੀ ਉਹ ਇਤਨੀ ਵੱਡੀ ਸਮਝ ਵਾਲੇ ਮਹਾਰਾਜੇ ਸਨ, ਕਿ ਦੂਜੇ ਰਈਸਾਂ ਤੇ ਅਮੀਰਾਂ ਦਾ ਤਾਂ ਕੀ ਕਹਿਣਾ, ਖ਼ੁਦ ਹਿੰਦੁਸਤਾਨ ਦੇ ਗਵਰਨਰ ਜਨਰਲ ਨੇ ਇਨ੍ਹਾਂ ਦੇ ਸਵਗਤ ਲਈ ਦਰਬਾਰ ਨੀਯਤ ਕੀਤਾ ਤੇ ਅਜਿਹਾ ਮਾਣ ਤੇ ਵਡਿਆਈ ਕੀਤੀ, ਜਿਹੜੀ ਅੱਜ ਤੀਕ ਕਿਸੇ ਹਿੰਦੁਸਤਾਨ, ਰਾਜੇ ਜਾਂ ਨਵਾਬ ਨੂੰ **ਨਸੀਬ** ਨਹੀਂ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੱਚਿਓ ! ਤੁਸੀਂ ਜਾਣਦੇ ਹੋ ਕਿ ਇਸ ਦਾ ਕੀ ਕਾਰਨ ਸੀ। ਮਹਾਰਾਜਾ ਇਕ ਤਾਂ ਵਡੇ ਅਕਲਮੰਦ ਤੇ ਸਮੇਂ ਨੂੰ ਪਹਿਚਾਨਣ ਵਾਲੇ ਸਨ। ਦੂਜੇ ਗਰਦ ਸਮੇਂ ਅੰਗਰੇਜ਼ਾਂ ਨੂੰ ਉਸ ਵੇਲੇ ਸਹਾਇਤਾ ਦਿਤੀ ਸੀ। ਜਦੋਂ ਇਨਾਂ ਦੇ ਪੈਰ ਉਖੜ ਰਹੇ ਸਨ। ਤੀਜੇ ਆਪ ਨੇ ਰਾਹ ਦਾਰੀ ਚੁੰਗੀ ਜਿਹੜੀ ਮੁਲਕ ਦੇ ਬਿਉਪਾਰ ਲਈ ਹਾਨੀ ਕਾਰਕ ਸੀ ਅਤੇ ਜਿਹੜੀ ਨਬੇ ਹਜਾਰ ਦੇ ਕਰੀਬ ਸੀ, ਮੁਆਫ ਕਰ ਦਿਤਾ ਸੀ ਇਸ ਸਿਲਸਲੇ ਵਿਚ ਜੋ ਗਵਰਨਮੈਂਟ ਅੰਗਰੇਜ਼ ਦੇਣਾ ਚਾਹੁੰਦੀ ਸੀ ਉਹ ਭੀ ਨਾ ਲਿਤਾ। ਚੌਥੇ ਆਪ ਦਾ ਜਾਤੀ ਮੇਲ ਮੌਲ ਤੇ ਵਡਿਆਈ ਦਾ ਪਰਤਾਪ ਸੀ ਜੋ ਆਪ ਨੂੰ ਹਰ ਥਾਂ ਤੇ ਉਘਾ ਕਰ ਰਹਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਧਾਰਕ ਤੇ ਨੀਤੀਵੇਤਾ

ਦੁਨੀਆ ਦੀ ਹਾਲਤ ਸਦਾ ਬਦਲਦੀ ਰਹਿੰਦੀ ਹੈ । ਅਜ ਤੋਂ ਸੌ ਸਾਲ ਪਹਿਲਾਂ ਦੀਆਂ ਬਣੀਆਂ ਹੋਈਆਂ ਇਮਾਰਤਾਂ ਅਤੇ ਅਜ ਕਲ ਦੀਆਂ ਇਮਾਰਤਾਂ ਵੇਖਣ ਤੋਂ ਤੁਹਾਨੂੰ ਪਤਾ ਲਗੇਗਾ ਕਿ ਪਹਿਲੋਂ ਦੀਆਂ ਇਮਾਰਤਾਂ ਕਿਸੇ ਹੋਰ ਸ਼ਕਲ ਦੀਆਂ ਤੇ ਹੁਣਦੀਆਂ ਕਿਸੇ ਹੋਰ ਢੰਗ ਦੀਆਂ ਹਨ । ਜੇ ਸਮੇਂ ਦੀਆਂ ਸੁਸਾਇਟੀਆ ਵਲ ਵੇਖੀਏ ਤਾਂ ਅਜ ਕਲ ਦੇ ਜੰਟਲਮੈਨਾਂ ਦੇ ਮੁਕਾਬਲੇ ਨਾਲੋਂ ਪੁਰਾਣੇ ਸਮੇਂ ਦੇ ਜੰਟਲਮੈਨਾਂ ਦਾ ਲਿਬਾਸ ਕਿਸੇ ਹੀ ਅਡਰਾ ਹੈ । ਜਿਓਂ ਜਿਓਂ ਸਮਾਂ ਬਦਲਦਾ ਜਾਂਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਉਂ ੨ ਲੋਕਾਂ ਦੇ ਰੰਗ ਢੰਗ ਭੀ ਬਦਲਦੇ ਰਹਿੰਦੇ ਹਨ ਗਲ ਕੀ ਕਪੜੇ, ਬੋਲਚਾਲ, ਖਿਆਲ, ਰਹਿਣ ਸਹਿਣ ਦੇ ਢੰਗ ਤੇ ਬੈਠਣ ਉਠਣ ਅਤੇ ਚਲਣ ਫਿਰਨ ਦੇ ਨਿਯਮ ਕੁਝ ਹੋਰ ਤੋਂ ਹੋਰ ਹੋ ਰਹੇ ਹਨ।

ਇਨ੍ਹਾਂ ਹੀ ਅਦਲਾ ਬਦਲੀਆਂ ਨਾਲ ਲੋਕਾਂ ਦੀਆਂ ਲੋੜਾਂ ਤੇ ਇਨ੍ਹਾਂ ਨੂੰ ਪੂਰਾ ਕਰਨ ਦੀਆਂ ਵਿਉਂਤਾਂ ਭੀ ਬਦਲੀਆਂ ਰਹਿੰਦੀਆਂ ਹਨ। ਜਿਹੜੀ ਹਕੂਮਤ ਆਪਣੀ ਪਰਜਾ ਦੀ ਭਲਾਈ ਲਈ ਉਨ੍ਹਾਂ ਦੀ ਕੁਦਰਤੀ ਅਦਲਾ ਬਦਲੀ ਦੇ ਅਨੁਸਾਰ ਆਪਣੇ ਕਾਇਦੇ ਕਾਨੂਨ ਭੀ ਬਦਲ ਦੇਵੇ ਤਾਂ ਸਮਝੋ ਕਿ ਪਰਮਾਤਮਾਂ ਦੀ ਵਡੀ ਦਯਾ ਹੈ।

ਸੁਣੋ! ਰਿਆਸਤ ਪਟਿਆਲੇ ਵਿਖੇ ਸਭ ਤੋਂ ਪਹਿਲਾਂ ਜਿਸ ਮਹਾਰਾਜੇ ਨੇ ਸਮੇਂ ਦੀ ਚਾਲ ਦਾ ਠੀਕ ਅਨੁਮਾਨ ਲਾਕੇ ਆਪਣੀ ਪਰਜਾ ਦੀ ਭਲਾਈ ਲਈ ਨਵੇਂ ੨ ਢੰਗ ਸੋਚੇ ਅਸੀਂ ਤੁਹਾਨੂੰ ਦੂਰਦਰਸ਼ੀ ਸਮੇਂ ਨੂੰ ਵਿਚਾਰਨ ਵਾਲੇ ਤੇ ਨੀਤੀਵੇਤਾ ਦਾ ਸੰਖੇਪ ਕਰਕੇ ਬਿਰਤਾਂਤ ਸੁਣਾਦੇ ਹਾਂ ਤੇ ਉਨਾਂ ਦੇ ਉਤਮ ਪਰਬੰਧ ਦੀ ਕਹਾਣੀ ਸੁਣਾਦੇ ਹਾਂ।

ਅਜ ਤੋਂ ਸੌ ਸ਼ਾਲ ਪਹਿਲਾਂ ਹਿੰਦੁਸਤਾਨ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੀਆਂ ਰਿਆਸਤਾਂ ਵਿਖੇ ਹਫੜਾ ਦਫੜੀ ਪਈ ਹੋਈ ਸੀ ਇਸ ਮੁਲਕ ਦੇ ਹਰ ਇਕ ਸੂਬੇ ਵਿਚ ਰਾਜ ਕਰਨ ਦੇ ਨਵੇਂ ੨ ਹਕਦਾਰ ਖੜੇ ਹੋ ਰਹੇ ਸਨ। ਹਰ ਇਕ ਰਿਆਸਤ ਆਪੋ ਆਪਣੇ ਬਚਾਓ ਦੀ ਲਗਨ ਵਿਚ ਲਗੀ ਹੋਈ ਸੀ। ਇਸ ਕਾਰਨ ਕਰਕੇ ਸਭ ਰਿਆਸਤਾਂ ਵਧ ਫੌਜ ਵਧਾਉਨ ਵਿਚ ਤੇ ਹੋਰ ਪਰਬੰਧਾਂ ਦੀ ਧੁਨੀ ਵਿਚ ਲਗੀਆਂ ਹੋਈਆਂ ਸਨ। ਪਹ ਚੌਖਾ ਪਰਬੰਧ ਬਹੁਤ ਘਟ ਕੀਤਾ ਜਾਂਦਾ ਸੀ।

ਇਸ ਵੇਲੇ ਸਭ ਤੋਂ ਵਡਾ ਅਹੁਦਾ ਥਾਨੇਦਾਰ ਦਾ ਹੁੰਦਾ ਸੀ ਇਸੇ ਦੇ ਅਖਤਿਆਰ ਵਿਚ ਫੌਜ ਹੁੰਦੀ ਸੀ। ਸੁਪਰੰਡੈਂਟ ਪੁਲੀਸ ਅਤੇ ਸਰਕਾਰੀ ਢਾਲ ਜਿਮੀਦਾਰਾਂ ਪਾਸੋਂ ਇਕਠੀ ਕਰਨ ਦਾ ਕੰਮ ਭੀ ਇਸੇ ਦੇ ਸਪੁਰਦ ਹੁੰਦਾ ਸੀ। ਫੌਜ ਦੇ ਲਈ ਫੌਜੀ ਸਰਦਾਰਾਂ ਨੂੰ ਜਗੀਰ ਮਿਲਦੀ ਹੂੰਦੀ ਸੀ ਤੇ ਸਿਪਾਈਆਂ ਨੂੰ ਤਨਖਾਂਹ ਵਜੋਂ ਖਾਣ ਲਈ ਦਾਣੇ ਤੇ ਘੋੜੇ ਦੀ ਖ਼ੁਰਾਕ ਦਿਤੀ ਜਾਂਦੀ ਸੀ ਤੋਪਖਾਨੇ ਵਿਖੇ ਪੁਰਾਣੇ ਢੰਗ ਦੀਆਂ ਤੋਪਾਂ ਹੰਦੀਆ ਸਨ ਇਸ ਸਮੇਂ ਨਾ ਕੋਈ ਮਜਿਸਟਰੇਟ ਨਾ ਮੁਨਸਫ ਨਾ ਤਹਿਸੀਲਦਾਰ ਨਾ ਨਾਜਮ ਨਾ ਮਾਲ ਅਫਸਰ ਨਾ ਜਜ ਨਾ ਵਕੀਲ। ਨਾ ਕਿਸੇ ਅਸ਼ਟਾਮ ਦੀ ਲੋੜ ਸੀ ਅਤੇ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਅਪੀਲ ਦੀ। ਦੀਵੇਨੀ ਤੇ ਫੌਜਦਾਰੀ ਝਗੜੇ ਤੇ ਮੁਕਦੁਮੇ ਸਾਰੀ ਸਾਰੀ ਰਿਆਸਤ ਦੇ ਇਲਾਕੇ ਵਿਚ ਥਾਣੇਦਾਰ ਹੀ ਨਿਪਟਾਂਦੇ ਹੁੰਦੇ ਸਨ। ਜਿਤਨੀਆਂ ਸ਼ਿਕਾਇਤਾਂ ਤੇ ਝਗੜੇ ਇਨ੍ਹਾਂ ਦੇ ਸਾਹਮਣੇ ਪੇਸ਼ ਹੁੰਦੇ ਸਨ ਉਹ ਜ਼ਬਾਨੀ ਹੀ ਖੋਜ ਭਾਲ ਕਰਕੇ ਨਿਬੇੜ ਦਿਤੇ ਜਾਂਦੇ ਸਨ ਤੇ ਜ਼ਬਾਨੀ ਹੀ ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਜਾਂਦੀ ਸੀ। ਮੁਦੱਈ ਦੀ ਇਨਕਾਰੀ ਯਾ ਗਵਾਹਾਂ ਦੇ ਹਾਜ਼ਰ ਹੋਣ ਦੀ ਹਾਲਤ ਵਿਚ ਭੀ ਆਮ ਕਰਕੇ ਮੁਕੱਦਮਿਆਂ ਦੇ ਨਬੇੜੇ, ਨੇਮ ਧਰਮ ਲੈ ਕਰਕੇ ਕਰ ਦਿਤੇ ਜਾਂਦੇ ਸਨ।

ਖ਼ੂਨ ਦੇ ਮੁਕਦਮਿਆਂ ਵਿਖੇ ਕਤਲ ਹੋਣ ਵਾਲੇ ਦੇ ਵਾਰਸਾਂ ਨੂੰ ਕਾਤਲ ਪਾਸੋਂ ਕੋਈ ਸਾਕ, ਜ਼ਮੀਨ ਯਾਂ ਰੁਪਯਾ ਦਿਵਾਕੇ ਸਮਝੌਤਾ ਕਰਾਣ ਦੇ ਯਤਨ ਕੀਤੇ ਜਾਂਦੇ ਸਨ। ਜੇ ਕਿਸੇ ਸੂਰਤ ਵਿਚ ਸਮਝੌਤਾ ਨਹੀਂ ਹੁੰਦਾ ਸੀ ਤਾਂ ਕਾਤਲ ਨੂੰ ਕਿਸੇ ਚੁਰਾਹੇ ਜਾਂ ਸੜਕ ਤੇ ਆਮ ਲੋਕਾਂ ਦੇ ਸਾਮਣੇ ਦਰਖ਼ਤ ਨਾਲ ਲਟਕਾ ਕੇ ਮਾਰ ਦਿਤਾ ਜਾਂਦਾ ਸੀ ਤੇ ਓਥੇ ਉਸਦੀ ਲੋਥ ਕਈ ੨ ਦਿਨ ਲਟਕਦੀ ਰਹਿੰਦੀ ਸੀ। ਕਈ ਗੁਨਾਹਗਾਰਾਂ ਨੂੰ ਹੋਰ ਭਾਂਤ ਦੀਆਂ ਸਜਾਵਾਂ ਦਿਤੀਆਂ ਜਾਂਦੀਆਂ ਸਨ। ਕਿਸੇ ਕਸੂਰਵਾਰ ਦਾ ਨੱਕ ਕਟ ਦਿਤਾ ਜਾਂਦਾ ਸੀ। ਕਿਸੇ ਦਾ ਮੂੰਹ ਕਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਗਧੇ ਤੇ ਚੜ੍ਹਾ ਕੇ ਉਸ ਨੂੰ ਖਜਲ ਕਰਨ ਹਿਤ ਗਲੀਆਂ ਤੇ ਬਜ਼ਾਰਾਂ ਵਿਚ ਫੇਰਿਆ ਜਾਂਦਾ ਸੀ। ਰਹੇ ਦੀਵਾਨੀ ਝਗੜੇ, ਓਨ੍ਹਾਂ ਦੀ ਬਾਬਤ ਕੇਵਲ ਇਤਨਾ ਹੀ ਯਾਦ ਰਖਣਾ ਕਾਫੀ ਹੈ ਕਿ ਅਜੇਹੇ ਝਗੜਿਆਂ ਦੇ ਕਾਗਜ਼ ਪੱਤਰ ਦੀਵਾਨ ਸਾਹਿਬ ਦੇ ਘਰ ਹੀ ਰਹਿੰਦੇ ਸਨ। ਕਚਹਿਰੀ ਤੇ ਦਫ਼ਤਰ ਲਈ ਕੋਈ ਸਰਕਾਰੀ ਮਕਾਨ ਨਹੀਂ ਹੁੰਦਾ ਸੀ। ਸਰਕਾਰੀ ਰੁਪਯਾ ਜਿਹੜਾ ਉਗਰਾਹੀ ਕਰਕੇ ਇਲਾਕੇ ਵਿਚੋਂ ਇਕੱਠਾ ਕੀਤਾ ਜਾਂਦਾ ਸੀ ਉਸ ਲਈ ਕੋਈ ਖਾਸ ਖ਼ਜ਼ਾਨਾ ਨਹੀਂ ਹੁਦਾਂ ਸੀ ਸਗੋਂ ਸ਼ਹਿਰ ਦੇ ਕਈ ਭਲੇਮਾਣਸ ਸਰਾਫਾਂ ਦੇ ਪਾਸ ਜਮਾਂ ਕਰਾ ਦਿਤਾ ਜਾਦਾਂ ਸੀ ਤੇ ਉਥੋਂ ਹੀ ਲੈਕੇ ਖਰਚ ਕੀਤਾ ਜਾਂਦਾ ਸੀ। ਇਹ ਦਸ਼ਾ ਕੇਵਲ ਰਿਆਸਤ ਪਟਿਆਲਾ ਦੀ ਨਹੀਂ ਸੀ ਸਗੋਂ ਹਿੰਦੁਤਾਨ ਦੀਆਂ ਸਾਰੀਆਂ ਰਿਆਸਤਾਂ ਦਾ ਰਾਜ ਪ੍ਰਬੰਧ ਭੀ ਇਸੇ ਭਾਂਤ ਹੁੰਦਾ ਸੀ।

ਅਜ ਕਲ ਦੇ ਹਾਲਾਤ ਤੇ ਪ੍ਰਬੰਧ ਦੇ ਲਾਭਾਂ ਨੂੰ ਵੇਖ ਕੇ ਤੁਸੀਂ ਆਪ ਹੀ ਅਨੁਮਾਨ ਲਾ ਸਕਦੇ ਹੋ ਕਿ ਉਸ ਸਮੇਂ ਦੇ ਲੋਕ ਕਿਹੋ ਜਿਹੀ ਸਿਪਾਹੀਆਨਾ ਆਯੂ ਬਤੀਤ ਕਰਦੇ ਹੋਣਗੇ। ਰਬ ਦੀ ਮਹਿਰ ਦੇ ਸਦਕੇ ਇਨਾਂ ਸਾਰੀਆ ਵਿਗੜੀਆ ਹੋਈਆਂ ਗਲਾਂ ਨੂੰ ਸਵਾਰਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਮ ਮਹਾਰਾਜਾ ਕਰਮ ਸਿੰਘ ਸਾਹਿਬ ਦੇ ਸਪੁਰਦ ਹੋਇਆ ਇਹ ਮਹਾਰਾਜਾ ਸਾਹਿਬ ਜਾਣਦੇ ਸਨ ਕਿ ਕਿਸੇ ਮੁਲਕ ਦਾ ਯੋਗ ਪ੍ਰਬੰਦ ਕਰਨਾ, ਉਸਨੂੰ ਫਤੇ ਕਰਨ ਨਾਲੋਂ ਭੀ ਕਠਨ ਹੈ। ਆਪ ਨੇ ਆਪਣੇ ਰਾਜ ਸਮੇਂ ਥੋੜੀਆਂ ਜਹੀਆਂ ਫੌਜੀ ਉਨਤੀਆਂ ਤੇ ਲੜਾਈਆਂ ਕਰਦੇ ਹੋਏ ਰਿਆਸਤ ਦੇ ਅੰਦਰ ਚੰਗਾ ਰਾਜ ਪ੍ਰਬੰਧ ਕਰਨ ਵਲ ਬਹੁਤ ਧਿਆਨ ਦਿਤਾ।

ਸਭ ਤੋਂ ਪਹਿਲਾਂ ਆਪ ਨੇ ਕਈ ਮਹਿਕਮੇ ਯਥਾ-ਫੌਜ, ਮਾਲ, ਪੋਲੀਟੀਕਲ, ਜੋਡੀਸ਼ਲ ਬਣਾਏ, ਅਦਾਲਤਾਂ ਮੁਕੱਰਰ ਕੀਤੀਆਂ। ਮੁਕੱਦਮਿਆਂ ਦੀਆਂ ਮਿਸਲਾਂ ਬਣਾ ਕੇ ਝਗੜੇ ਨਿਪਟਾਣ ਲਗੇ। ਫੌਜੀ ਸਿਪਾਹੀਆਂ ਨੂੰ ਦਾਣਿਆਂ ਦੀ ਥਾਂ ਨਕਦ ਰੁਪਏ ਤਨਖਾਹ ਦੇ ਮਿਲਣ ਲਗੇ। ਕਸੂਰਵਾਰਾਂ ਨੂੰ ਕੈਦ ਕਰਨ ਦਾ ਸਮਾਂ (ਮਿਆਦ) ਨੀਯਤ ਹੋਈ। ਪੁਰਾਤਨ ਸਮੇਂ ਵਿਚ ਜੇਹੜੀਆਂ ਡਰਾਉਣੀ-ਆਂ ਤੇ ਭਿਆਨਕ ਸਜਾਵਾਂ ਦਿਤੀਆਂ ਜਾਂਦੀਆਂ ਸਨ ਉਹ ਹਟਾ ਦਿਤੀਆਂ ਗਈਆਂ। ਮਹਾਰਾਜਾ ਸਾਹਿਬ ਆਪਣੀ ਪਰਜਾ ਦੇ ਕਸ਼ਟਾਂ ਨੂੰ ਦੂਰ ਕਰਨ ਹਿਤ ਬਹੁਤ ਯਤਨ ਕਰ-ਦੇ ਸਨ। ਇਹੋ ਕਾਰਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਜਿਹਾ ਜ਼ੋਰਾਵਰ ਤੇ ਬਹਾਦਰ ਮਹਾਰਾਜਾ ਤੇ ਅੰਗਰੇਜ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਗੀ ਸਮਝਦਾਰ ਗਵਰਨਮੈਂਟ ਨੇ ਭੀ ਮਹਾਰਾਜਾ ਕਰਮ ਸਿੰਘ ਨਾਲ ਨਹੀਂ ਵਿਗਾੜੀ ਤੇ ਆਪੋ ਵਿਚ ਦੀ ਮੇਲ ਮਲਾਕਾਤਾਂ ਦੇ ਪਟੇ ਆਦਿਕ ਲਿਖੇ ਗਏ ਜਿਹੜੇ ਹੁਣ ਤੀਕ ਉਸੇ ਪਰਕਾਰ ਮੰਨੇ ਜਾਂਦੇ ਹਨ।

ਮਹਾਰਾਜਾ ਸਾਹਿਬ ਵਡੇ ਸੁਸ਼ੀਲ, ਗਰੀਬ-ਨਿਵਾਜ਼,ਸਖੀ ਦ੍ਰਿੜ ਵਿਸ਼ਵਾਸ਼ੀ, ਵਿਦਯਾ ਪਰਖ ਕਰਨ ਵਾਲੇ ਤੇ ਵਡੇ ਹੌਸਲੇ ਵਾਲੇ ਜੋਧੇ ਸਨ। ਆਪ ਵਡੇ ਪਕੇ ਤੇ ਸਚੇ ਸਿਖ ਸਨ। ਆਪ ਫਕੀਰਾਂ ਮਹਤਮਾਵਾਂ ਤੇ ਵਡਾ ਭਰੋਸਾ ਰਖਦੇ ਸਨ। ਭਾਵੇਂ ਉਹ ਹਿੰਦੂ ਹੋਣ ਜਾਂ ਮੁਸਲਮਾਨ, ਇਨ੍ਹਾਂ ਨੂੰ ਸਭ ਇਕਸਾਰ ਸਨ। ਆਪ ਦੇ ਸੁਭਾ ਵਿਚ ਹਠ ਧਰਮੀ ਉੱਕਾ ਹੀ ਨਹੀਂ ਸੀ। ਆਪਨੇ ਰਿਆਸਤ ਦਾ ਖਜ਼ਾਨਾ ਨੀਯਤ ਕਰਕੇ ਇਸਦੀ ਮਾਲੀ ਆਮਦਨੀ ਦਾ ਪੱਕਾ ਤੇ ਯੋਗ ਪਰਬੰਧ ਕੀਤਾ। ਇਕ ਪਾਸੇ ਤਾਂ ਆਪ ਨੇ ਸਰਕਾਰ ਅੰਗਰੇਜੀ ਨੂੰ ਲੱਖਾਂ ਰੁਪਏ ਮਦਦ ਵਲੋਂ ਦਿਤੇ ਤੇ ਦੂਜੇ ਪਾਸੇ ਹਜ਼ਾਰਾਂ ਰੁਪਏ ਦੀਆਂ ਇਮਾਰਤਾਂ ਆਦਿਕ ਬਣਵਾਈਆਂ। ਦਸ ਲਖ ਰੁਪਏ ਖਰਚ ਕਰਕੇ ਬਹਾਦਰ ਗੜ੍ਹ ਦਾ ਕਿਲਾ ਤਿਆਰ ਕਰਵਾਇਆ। ਇਹ ਕਿਲਾ ਉਸ ਥਾਂ ਤੇ ਬਣਾਇਆ ਸੀ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਿਲੀ ਨੂੰ ਜਾਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਏ ਸੈਫ ਖਾਂ ਦਰਵੇਸ਼ ਰਈਸ ਦੀ ਬੇਨਤੀ ਕਰਨ ਤੇ ਕੁਝ ਦਿਨ ਠਹਿਰੇ ਸਨ ਯਾ ਦੂਜੇ ਸ਼ਬਦਾ ਵਿਚ ਇਓਂ ਸਮਝੋ ਕਿ ਇਹ ਚੀਜ ਰਿਆਸਤ ਪਟਿਆਲੇ ਵਿਖੇ ਹਿੰਦੂ ਮੁਸਲਮ ਮੇਲ ਜੋਲ ਇਤਹਾਦ ਦੀ ਇਕ ਪੁਰਾਂਣੀ ਯਾਦਗਾਰ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਰ ਦਰਸ਼ੀ ਮਹਾਰਾਜਾ

ਬਚਿਓ ! ਤੁਸੀ ਹੁਣੇ ਹੀ ਮਹਾਰਾਜਾ ਨਰਿੰਦਰ ਸਿੰਘ ਦਾ ਕੁਝ ਹਾਲ ਸੁਣਿਆ ਹੈ । ਪਰ ਉਪਰੋਕਤ ਕਹਾਣੀ ਤੋਂ ਤੁਹਾਨੂੰ ਚੰਗੀ ਤਰਾਂ ਪ੍ਰਗਟ ਹੋ ਜਾਵੇਗਾ, ਕਿ ਮਹਾਰਾਜਾ ਸਾਹਿਬ ਕਿਸੇ ਆਦਤ ਅਤੇ ਆਚਰਣ ਦੇ ਰਈਸ ਸਨ । ਹੁਣ ਤੋਹਾਨੂੰ ਅਸੀ ਥੋੜੇ ਜਿਹੇ ਹਾਲ ਤੇ ਸਾਕ ਸੁਣਾਦੇ ਹਾਂ ਜਿਨਾਂ ਨੂੰ ਪੜਨ ਨਾਲ ਤੁਹਾਨੂੰ ਮਹਾਰਾਜਾ ਸਾਹਿਬ ਦੀ ਵਡਿਆਈ ਤੇ ਮਾਨ ਦਾ ਠੀਕ ੨ ਪਤਾ ਲਗ ਜਾਵੇਗਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਦਾ ਸਦੀਵਕਾਲ ਇਹ ਖਿਆਲ ਰਹਿਦਾਂ ਸੀ ਕਿ ਰਿਆਸਤ ਦੇ ਵਡੇ ਝਗੜਿਆਂ ਦੀ ਬਾਬਤ ਨੀਤੀਵੇਤਾ ਤੇ ਭਰੋਸੇ ਯੋਗ ਤੇ ਬੁਧਵਾਨ ਸੇਵਾਦਾਰਾਂ ਦੀਆ ਸੰਮਤੀਆਂ ਲਿਤੀਆਂ ਜਾਂਣ ਇਸੇ ਕਰਕੇ ਤੇ ਹਰ ਇਕ ਦੀ ਰਾਏ ਨੂੰ ਠੰਡੇ ਦਿਲ ਨਾਲ ਸੁਣਦੇ ਹੰਦੇ ਸਨ। ਆਪ ਦੇ ਸਮੇਂ ਭਰੋਸੇ ਯੋਗ ਮਨੁਸ਼ ਇਕਾਂਤ ਵਿਚ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜਰ ਹੋਕੇ ਰਿਆਸਤ ਦੀ ਨੇਕੀ ਜਾਂ ਬਦਨਾਮੀ ਦਾ ਖਿਆਲ ਰਖਕੇ ਅਜਿਹੇ ਝਗੜਿਆਂ ਦੇ ਨਜਿਠਣ ਦੀ ਬਾਬਤ ਸੰਮਤੀ ਦੇ ਸਕਦੇ ਹਨ।

ਆਪ ਪਰਜਾ ਦੇ ਲੋਕਾਂ ਨਾਲ ਬੇ ਰੋਕ ਟੋਕ ਬਾਤ ਕਰਦੇ ਹੰਦੇ ਸਨ ਤੇ ਵਿਸ਼ੇਸ਼ ਕਰਕੇ ਲੋਕਾਂ ਦੇ ਖਾਨਦਾਨਾਂ ਤੋਂ ਚੰਗੀ ਤਰਾਂ ਸਿਆਣੂ ਸਨ ਇਥੇ ਤੀਕ ਕਿ ਆਪ ਘਟੀਆਂ ਦਰਜੇ ਦੇ ਲੋਕਾਂ ਨੂੰ ਭੀ ਜਾਣਦੇ ਸਨ ਇਨਾਂ ਗਲਾਂ ਤੋਂ ਇਹ ਨਹੀ ਸਮਝ ਲੈਣਾ ਚਾਹੀਦਾ ਕਿ ਹਰ ਮਨੁਸ਼ ਸੁਤੰਤ੍ਰਤਾ ਤੇ ਵਡੀ ਅਸਮਾਨੀ ਨਾਲ ਮਿਲ ਸਕਦਾ ਸੀ।

ਮਹੀਨੇ ਵਿਚ ਦੋ ਵਾਰ ਇਕਾਦਸ਼ੀ ਦੀ ਰਾਤ ਨੂੰ ਕਵੀ ਦਰਬਾਰ ਹੰਦਾ ਸੀ। ਜਿਸ ਵਿਚ ਫਾਰਸੀ, ਹਿੰਦੀ ਤੇ ਪੰਜਾਬੀ ਕਵੀ, ਕਬਿਤ ਤੇ ਦੋਹਿਰੇ ਆਦਿਕ ਸੁਣਾਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ। ਮਹਾਰਾਜਾ ਸਾਹਿਬ ਭਾਵੇਂ ਹਾਸ ਮੁਖ ਦੇ ਮਖੌਲ ਆਦਿਕ ਕਰ ਲੈਂਦ ਸਨ ਪਰ ਉਹ ਆਪਣੇ ਦਬਦਬੇ ਤੇ ਪਰਭਾਵ ਨੂੰ ਹਥੋਂ ਨਹੀ ਗਵਾਉਂਦੇ ਸਨ। ਅਦਾਲਤ ਦੇ ਕਮਰੇਵਿਚ ਝਗੜੇ ਵਾਲੇਲੋਕ ਵਸੀ ਸੁਤਰਤਾਤੇ ਖੁਲ ਦਿਲੀ ਨਾਲ ਬਹਿਸ ਕਰ ਸਕਦੇ ਸਨ ਤੇ ਮੁਕਦਮੇ ਦੇ ਸਿਲਸਲੇ ਵਿਚ ਮਹਾਰਾਜੇ ਵਲੋਂ ਲੋਕਾਂ ਅਜਾਦੀ ਨਾਲ ਗਲ ਬਾਤ ਕਰਨ ਦੀ ਖੁਲ ਸੀ। ਭਾਂਵੇਂ ਆਪ ਸਿਖ ਸਨ ਪਰ ਤਅਸਬ ਤੇ ਹਠ ਧਰਮੀ ਉਨਾਂ ਦੇ ਨੇੜੇ ਨਹੀਂ ਸੀ ਲਓ! ਅਸੀਂ ਤੁਹਾਨੂੰ ਉਨਾਂ ਦੀ ਵਡੇ ਦਿਲ ਤੇ ਦੂਰ ਦਰਸ਼ੀ ਹੋਣ ਦੀ ਕਹਾਣੀ ਸੁਣਾਉਂਦੇ ਹਾਂ।

ਇਕ ਵਾਰ ਦੀ ਵਾਰਤਾ ਹੈ ਕਿ ਇਕ ਵੇਰ ਮਿਸਚਰ ਜਾਰਜ਼ ਫ਼ਰੈਡਰਿਕ ਐਂਡ ਮਨਿਸਟਰ ਸਾਹਿਬ ਕਮਿਸ਼ਨਰ ਅੰਬਾਲਾ ਦੌਰਾ ਕਰਦੇ ਹੋਏ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਨੂੰ ਮਿਲਣ ਲਈ ਏਧਰ ਆ ਨਿਕਲੇ। ਮੁਲਾਕਾਤ ਲਈ ਬਹਾਦੁਰ ਗੜ੍ਹ ਦਾ ਮੁਕਾਨ ਨੀਯਤ ਹੋਇਆਂ। ਰਾਜ ਪੂਰਾ ਦੀ ਵਲੋਂ ਕਮਿਸ਼ਨਰ ਸਾਹਿਬ ਤੇ ਪਟਿਆਲੇ ਵਲੋਂ ਮਹਾਰਾਜਾ ਸਾਹਿਬ ਹਾਥੀ ਉਤੇ ਸਵਾਰ ਹੋਕੇ ਬਹਾਦਰ ਗੜ੍ਹ ਪੁਜ ਗਏ। ਕਮਿਸ਼ਨਰ ਸਾਹਿਬ ਨੇ ਮਹਾਰਾਜਾ ਨਾਲ ਹਥ ਮਿਲਾਇਆ ਤੇ ਮਹਾਰਾਜਾ ਨੇ ਇਨਾਂ ਨੂੰ ਆਪਣੇ ਪਾਸ ਹਾਥੀ ਤੇ ਬਿਠਾਲ ਲੀਤਾ ਤੇ ਸ਼ਹਿਰ ਦੀ ਬਾਹਰਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਸੀਲ ਦੇ ਅੰਦਰ, ਦਰਵਾਜ਼ੇ ਰਾਹੀਂ ਵੜੇ। ਫੌਜ ਦੇ ਸਿਪਾਹੀ ਫਸੀਲ ਦੇ ਦੋਹੀਂ ਪਾਸੀਂ ਖੜੇ ਸਨ ਉਨ੍ਹਾਂ ਨੇ ਸਲਾਮੀ ਲੀਤੀ। ਮਹਾਰਾਜਾ ਸਾਹਿਬ ਆਪਣੇ ਮਾਨਯੋਗ ਮਹਿਮਾਨ ਦੇ ਨਾਲ ਕਿਲੇ ਦੀ ਵਲ ਜਾ ਰਹੇ ਸਨ ਬਹਾਦਰ ਗੜ੍ਹ ਦੇ ਵਸਨੀਕ ਜਲੂਸ ਨੂੰ ਵੇਖਣ ਲਈ ਖ਼ੁਸ਼ੀ ਖੁਸ਼ੀ ਦੁਕਾਨਾਂ ਤੇ ਮਕਾਨਾਂ ਦੀਆਂ ਛੱਤਾਂ ਉਤੇ ਬੈਠੇ ਹੋਏ ਸਨ ਅਤੇ ਉਤਸ਼ਾਹ ਤੇ ਭਰੋਸੇ ਨਾਲ ਅਸੀਸਾਂ ਦੀ ਰਸਮ ਪੂਰੀ ਕਰ ਰਹੇ ਸਨ।

ਥੋਹੜੇ ਚਿਰ ਪਿਛੋਂ ਜਦੋਂ ਹਾਥੀ ਕਿਲੇ ਦੇ ਅੰਦਰ ਐਨ ਸ਼ਾਹੀ ਮਹੱਲ ਦੀ ਡਿਓਢੀ ਪਾਸ ਪੁਜਾ ਤਾਂ ਮਿਸਟਰ ਜਾਰਜ ਫਰੈਡਰਿਕ ਨੇ ਠੀਕ ਦਰਵਾਜ਼ੇ ਦੇ ਨਾਲ ਇਕ ਮਸੀਤ ਵੇਖਕੇ ਵਡੀ ਹੈਰਾਨੀ ਪ੍ਰਗਟ ਕੀਤੀ ਅਤੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਅਰਜ਼ ਕੀਤੀ ਕਿ ਔਰੰਗਜ਼ੇਬ ਤਾਂ ਹਿੰਦੂਆਂ ਦੇ ਮੰਦਰਾਂ ਨੂੰ ਢਹਾ ਦਿੰਦਾ ਸੀ ਆਪ ਨੇ ਆਪਣੇ ਮਹਲ ਦੇ ਅਗੇ ਇਹ ਮਸੀਤ ਕਿਓਂ ਰਖ ਛਡੀ ਹੈ ਮਹਾਰਾਜ ਨੇ ਝਟ ਜਵਾਬ ਦਿਤਾ ਮਿਸਟਰ ਲਾਈਡ ਜਾਰਜ ਜਿਸ ਢੰਗ ਨਾਲ ਆਪ ਨੇ ਔਰੰਗਜੇਬ ਦਾ ਨਾਓਂ ਮੇਰੇ ਪਾਸ ਲੀਤਾ ਹੈ ਮੈਂ ਨਹੀਂ ਚਾਹੁੰਦਾ ਕਿ ਮੇਰੇ ਪਿਛੋਂ ਲੋਕ ਇਸੇ ਪਰਕਾਰ ਮੇਰਾ ਨਾਓ ਭੀ ਦੂਜੇ ਲੋਕਾਂ ਪਾਸ ਪਰਗਟ ਕਰਿਆ ਕਰਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਦਸ਼ਾਹ ਜਬਾਨ ਦਾ ਬਾਦਸ਼ਾਹ ਹੁੰਦਾ ਹੈ ਮਹਾਰਾਜਾ ਸਾਹਿਬ ਦੇ ਇਹ ਨਿਰਪਕਸ਼ ਬਚਨ ਬੇ ਤਅਸਬੀ ਤੇ ਦੂਰ ਦਰਸ਼ੀ ਦੀਆਂ ਗਲਾਂ ਦਾ ਕੀਮਤੀ ਖਜਾਨਾ ਦੁਨੀਆਂ ਵਿਚ ਸਦੀਵ ਲਈ ਮੌਜੂਦ ਰਹੇਗਾ ਤੇ ਕਦਰ ਦਾਨਾਂ ਦੀ ਨਿਗਾਹਾਂ ਵਿਚੋਂ ਇਸ ਦੀ ਕਮੀਤ ਕਦੇ ਨਾ ਘਟੇਗੀ। ਇਸ ਗਲਾਂ ਉਹ ਵਡਮੁਲੇ ਮੋਤੀ ਹਨ ਜਿਨਾਂ ਨੂੰ ਅਕਲ ਦੀ ਕਸਵਟੀ ਨਾਲ ਪਰਖਿਆ ਨਹੀਂ ਜਾ ਸਕਦਾ।

ਬਚਿਓ! ਤੁਸੀਂ ਇਤਨਾ ਸਮਝ ਲਵੋ ਕਿ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਆਪਣੀ ਪਰਜ ਲਈ ਪਰਮਾਤਮਾ ਦੀ ਮੇਹਰ ਪੁੰਜ ਸਨ। ਨਿਆਕਾਰ ਬਾਦਸ਼ਾਹ ਤੇ ਵਾਹਿਗੁਰੂ ਦੀ ਮਿਹਰ ਹੁੰਦਾ ਹੈ ਤੇ ਪ੍ਰਮਾਤਮਾ ਦੀ ਮੇਹਰ ਦੁਨੀਆਂ ਵਿਚ ਸਭ ਤੋਂ ਵਡੀ ਵਸਤੂ ਹੈ। ਇਸ ਲਈ ਯਾਦ ਰਖੋ! ਪਰਮਾਤਮਾਂ ਦੇ ਸਚੇ ਬੰਦੇ ਓਹੀ ਹਨ ਜੇਹੜੇ ਵਾਹਿਗੁਰੂ ਦੀਆਂ ਦਾਤਾਂ ਦਾ ਧੰਨਵਾਦ ਕਰਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਿਓ ਦੀ ਚੋਰੀ

ਇਕ ਵੇਰ ਦੀ ਗਲ ਹੈ ਕਿ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਤਤਕਾਲਾਂ ਵੇਲੇ ਮੋਤੀ ਬਾਗ ਨੂੰ ਬੱਘੀ ਵਿਚ ਜਾ ਰਹੇ ਸਨ। ਅੜਦਲ ਦੇ ਕੁਝ ਫੌਜੀ ਅਫ਼ਸਰ ਬੱਘੀ ਦੇ ਅਗੇ ਪਿਛੇ ਨਾਲ ੨ ਜਾ ਰਹੇ ਸਨ। ਮਹਾਰਾਜਾ ਸਾਹਿਬ ਦੀ ਅਸਵਾਰੀ ਬਜਾਜ਼ਾਂ ਤੇ ਭਾਂਡਿਆਂ ਵਾਲੇ ਬਜ਼ਾਰ ਵਿਚ ਦੀ ਲੰਘ ਕੇ ਜਦੋਂ ਕਟੜਾ ਨੌਹਰੀਆਂ ਮਲ ਵਿਚ ਪੁਜੀ ਤਾਂ ਇਸ ਵੇਲੇ ਖਾਸਾ ਅਨ੍ਹੇਰਾ ਹੋਗਿਆ ਸੀ। ਬਜ਼ਾਰ ਦੇ ਸਾਰੇ ਦੁਕਾਨਦਾਰ ਆਪਣੀ ੨ ਦੁਕਾਨ ਤੇ ਦੀਵੇ ਜ਼ਗਾਣ ਲਗ ਪਏ ਸਨ। ਮਹਾਰਾਜਾ ਸਾਹਿਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਕਾਨਦਾਰਾਂ ਤੇ ਰਸਤੇ ਵਿਚ ਚਲਣ ਵਾਲਿਆਂ ਦੀਆਂ ਅਸੀਸਾਂ ਲੈਂਦੇ ਹੋਏ ਮੋਤੀ ਬਾਗ ਪੁਜੇ। ਥੋੜਾ ਚਿਰ ਉਥੇ ਠਹਿਰ ਕੇ ਫਿਰ ਕਿਲੇ ਨੂੰ ਮੁੜ ਆਏ। ਇਹ ਉਸ ਸਮੇਂ ਦਾ ਬਿਰਤਾਂਤ ਹੈ ਜਦੋਂ ਮੋਤੀ ਬਾਗ ਦਾ ਮਹੱਲ ਤਿਆਰ ਹੋ ਰਿਹਾ ਸੀ।

ਮੁੜਦੇ ਹੋਏ ਮਹਾਰਾਜਾ ਸਾਹਿਬ ਘੋੜੇ ਤੇ ਅਸਵਾਰ ਸਨ ਤੇ ਕਟੜੇ ਵਿਚ ਦੀ ਲੰਗਦੇ ਹੋਏ ਸਭ ਦੁਕਾਨਾਂ ਵਲ ਧਿਆਨ ਨਾਲ ਦੇਖਦੇ ਆ ਰਹੇ ਸਨ। ਦੇਖਦੇ ੨ ਇਕ ਘਿਉ ਦੀ ਦੁਕਾਨ ਵਾਲੇ ਨੇ ਆਪਣਾ ਦੀਵਾ ਬੁਝਾ ਦਿਤਾ। ਮਹਾਰਾਜਾ ਸਾਹਿਬ ਇਹ ਵੇਖਕੇ ਚੌਂਕ ਉਠੇ ਤੇ ਝਟ ਉਸ ਦੁਕਾਨਦਾਰ ਨੂੰ ਬੁਲਾਇਆ। ਦੁਕਾਨਦਾਰ ਦੌੜਿਆ ਹੋਇਆ ਆਇਆ ਤੇ ਮਹਾਰਾਜਾ ਦੇ ਪੈਰਾਂ ਵਿਚ ਨਿਮਸ਼ਕਾਰ ਕਰਕੇ ਖੜੋ ਗਿਆ। ਮਹਾਰਾਜਾ ਸਾਹਿਬ ਨੇ ਪੁਛਿਆ, "ਲਾਲਾ ਜੀ, ਤੁਸੀਂ ਮੇਰੇ ਦੇਖਦੇ ੨ ਦੀਵਾ ਕਿਉਂ ਬੁਝਾ ਦਿਤਾ ?" ਹੁਣ ਅਸੀਂ ਗਏ ਸਾਂ, ਇਸ ਪਾਸੇ ਦੇ ਸਭ ਦੀਵੇ ਜਗ ਰਹੇ ਸਨ। ਇਸ ਦੀਵੇ ਦੇ ਬੁਝਨ ਦਾ ਕੀ ਕਾਰਨ ਹੈ ?

ਦੁਕਾਨਦਾਰ ਨੇ ਬੇਨਤੀ ਕੀਤੀ, "ਹਜ਼ੂਰ ਮੈਂ ਘੀ ਵੇਚਦਾ ਹਾਂ, ਨਰਵਾਣੇ ਦੇ ਇਲਾਕੇ ਵਿਚੋਂ ਘੀ ਦੇ ਭਰੇ ਹੋਏ ਪੀਪੇ ਮੇਰੀ ਦੁਕਾਨ ਤੇ ਆਏ ਸਨ। ਆੜ੍ਹਤ ਦਾ ਕੰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਮੈਂ ਕਈ ਦਿਨਾਂ ਤੋਂ ਹਰਾਨ ਤੇ ਪਰੇਸ਼ਾਣ ਹਾਂ "। ਮਹਾਰਾਜ ਸਾਹਿ - ਬੋਲੇ "ਜਿਹੜਾ ਕੁਝ ਕਹਿਣਾ ਚਾਹੁੰਦੇ ਹੋ, ਸਚ ਸਚ ਕਹਿ ਦਿਓ"। ਆੜ੍ਹਤੀ ਨੇ ਅਰਜ਼ ਕੀਤੀ, 'ਹਜ਼ੂਰ ਅਠ ਦਿਨ ਹੋਏ ਘੀ ਦੇ ਕੁਪੇ ਮੇਰੀ ਦੁਕਾਨ ਤੇ ਆਏ ਸਨ। ਸ਼ਾਮ ਵੇਲੇ ਮੈਂ ਦੁਕਾਨ ਬੰਦ ਕਰਕੇ ਘਰ ਨੂੰ ਚਲਿਆ ਗਿਆ। ਅਗਲੇ ਦਿਨ ਆਕੇ ਦੁਕਾਨ ਖੋਲ੍ਹੀ' ਤਾਂ ਕੀ ਵੇਖਦਾ ਹਾਂ, ਕਿ ਘੀ ਦਾ ਇਕ ਕੁਪਾ ਨਹੀਂ ਹੈ।' ਮਹਾਰਾਜਾ ਨੇ ਫੁਰਮਾਇਆ "ਤੈਂ ਸ਼ਾਦੀ ਖਾਂ ਕੋਤਵਾਲ ਨੂੰ ਇਧ ਗਲ ਦੀ ਖਬਰ ਦਿਤੀ "ਆੜ੍ਹਤੀ ਬੋਲਿਆ, "ਹਾਂ ਹਜ਼ੂਰ ਇਤਲਾਸ ਦੇ ਦਿੜੀ ਹੈ। ਪਰ ਚੋਰ ਹੁਣ ਤੀਕ ਫੜਿਆ ਨਹੀਂ ਗਿਆ"।

ਮਹਾਰਾਜਾ ਸਾਹਿਬ ਨੇ ਇਸਨੂੰ ਤਸਲੀ ਦਿਤੀ, ਤੇ ਘੋੜੇ ਨੂੰ ਹਕਕੇ ਕਿਲੇ ਵਿਚ ਚਲੇ ਗਏ। ਇਸ ਸਮੇਂ ਪਟਿਆਲੇ ਦਾ ਕੋਤਵਾਅ ਇਕ ਸ਼ਾਦੀ ਖਾਂ ਨਾਮੇ ਮੁਸਲਮਾਨ ਰਾਜਪੂਤ ਸੀ। ਉਹ ਆਪਣੇ ਕੰਮ ਵਿਚ ਬਹੁਤ ਹੁਸ਼ਿਆਰ ਤੇ ਚਤਰ ਸੀ। ਮਹਾਰਾਜਾ ਭੀ ਇਸ ਨੂੰ ਬਹੁਤ ਦਝਿਆਉਂਦੇ ਸਨ। ਕਿਲੇ ਵਿਚ ਪਹੁੰਚਦਿਆਂ ਹੀ, ਮਹਾਰਾਜਾ ਸਾਹਿਬ ਨੇ ਕੋਤਵਾਲ ਨੂੰ ਬੁਲਾ ਭੇਜਿਆ ਤੇ ਆੜ੍ਹਤੀ ਦੀ ਸਾਰੀ ਕਹਾਣੀ ਸੁਣਾਈ। ਕੋਤਵਾਲ ਨੇ ਬੇਨਤੀ ਕੀਤੀ, ਕਿ ਹਜ਼ੂਰ ਦਾਸ ਨੇ ਰਿਪੋਟ ਮਿਲਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਹੀ ਪੜਤਾਲ ਸ਼ੁਰੂ ਕਰ ਦਿਤੀ ਹੈ, ਤੇ ਸ਼ਹਿਰ ਦਾ ਕੋਨਾ ੨ ਛਾਣ ਮਾਰਿਆ ਹੈ ਪਰ ਅਜੇ ਤੀਕ ਕੁਝ ਪਤਾ ਨਹੀਂ ਚਲਿਆ, ਤੇ ਚੋਰ ਫੜਿਆ ਨਹੀਂ ਗਿਆ"।

ਮਹਾਰਾਜਾ ਨੇ ਕੋਤਵਾਲ ਦੀਆਂ ਸਾਰੀਆਂ ਗਲਾਂ ਵਡੇ ਧਿਆਨ ਨਾਲ ਸੁਣੀਆਂ। ਥੋੜੇ ਚਿਰ ਪਿਛੋਂ ਕੋਤਵਾਲ ਤੇ ਸੇਵਾਦਾਰਾਂ ਨੂੰ ਵਿਦਾ ਕਰਕੇ, ਆਪ ਅਨ੍ਹੇਰੀ ਰਾਤ ਵਿਚ ਕਿਲੇ ਤੋਂ ਬਹਾਰ ਨਿਕਲੇ, ਤੇ ਚੋਰੀ ਦਾ ਪਤਾ ਕਰਨ ਲਈ ਏਧਰ ਉਧਰ ਫਿਰਨ ਲ ਗੇ। ਫਿਰ ਕਿਲ਼ੇ ਵਿਚ ਆਕੇ ਸੌਂ ਰਹੇ। ਚੋਰੀ ਹੋਣ ਦੀ ਥਾਂ ਤੇ ਕਿਲ੍ਹੇ ਦੀ ਦਖਣ ਵਲ ਦੀ ਕੰਧ ਦੇ ਵਿਚਕਾਰ ਥੋੜੀ ਹੀ ਵਿਥ ਸੀ। ਆਪ ਨੇ ਇਸਤੋਂ, ਤੇ ਕਈ ਹੋਰ ਗਲਾਂ ਤੋਂ, ਚੋਰੀ ਦਾ ਪਤਾ ਕਢ ਲੀਤਾ, ਕਿ ਚੋਰੀ ਕਿਲੇ ਦੇ ਅੰਦਰ ਹੀ ਹੈ ਇਸ ਦਾ ਪੂਰਾ ਪਤਾ ਕਢਕੇ ਆਪ ਨੇ ਆਰਾਮ ਕੀਤਾ। ਸਵੇਰੇ ਉਠਕੇ ਮਹਾਰਾਜਾ ਸਾਹਿਬ ਨੇ ਕਰੋੜੇ ਨੂੰ ਬੁਲਾਇਆ ਤੇ ਕਿਹਾ, "ਘੀ ਦਾ ਕੁਪਾ ਜੇਹੜਾ ਤੁਹਾਡੇ ਆਦਮੀਆਂ ਨੇ ਅਠ ਦਿਨ ਹੋਹੇ ਚੋਰੀ ਕੀਤੀ ਹੈ, ਕਿਥੇ ਹੈ?" ਮਹਾਰਾਜਾ ਦੇ ਰੋਹਬ ਦਾਅਬ ਤੇ ਪਰਭਾਵ ਦੇ ਅਗੇ ਭਲਾ ਕਰੋੜੇ ਦੀ ਕੀ ਮਜਾਲ ਸੀ ਕਿ ਕੁਛ ਨਾਂਹ ਨੁਕਰ ਕਰੇ। ਸ਼ਰਮ ਦੇ ਮਾਰੇ ਸਿਰ ਝੁਕਾ ਲੀਤਾ ਤੇ ਹਥ ਜੋੜ ਕੇ ਬੇਨਤੀ ।ਕੀਤੀ ਕਿ ਹਜ਼ੂਰ ਕਿਲੇ ਦੇ ਅੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਹੈ। ਮਹਾਰਾਜਾ ਸਾਹਿਬ ਨੇ ਕਰੋੜੇ ਤੋਂ ਘੀ ਦਾ ਪੀਪਾ ਮੰਗਵਾ ਲੀਤਾ ਤੇ ਕਟੜੇ ਵਿਚੋਂ ਆੜ੍ਹਤੀ ਨੂੰ ਬੁਲਾ ਲੀਤਾ ਅਤੇ ਕੋਤਵਾਲ ਨੂੰ ਭੀ ਬੁਲਾ ਲਿਆ। ਘੀ ਦਾ ਕੁਪਾ ਆੜ੍ਹਤੀ ਨੂੰ ਦੇ ਦਿਤਾ ਤੇ ਕਰੋੜੇ ਨੂੰ ਕੈਦ ਕਰਕੇ ਮੂੰਗ ਦੇ ਕਿਲ੍ਹੇ ਵਿਚ ਭੇਜ ਦਿਤਾ ਅਤੇ ਨੌਕਰੀ ਤੋਂ ਹਟਾ ਦਿਤਾ।

ਬਚਿਓ! ਤੁਸਾਂ ਵੇਖਿਆ ਕਿ ਪਰਜਾ ਦੇ ਇਕ ਬੰਦੇ ਦਾ ਨੁਕਸਾਨ ਭੀ ਮਹਾਰਾਜੇ ਨੂੰ ਬੇਚੈਨ ਕਰ ਦਿੰਦਾ ਸੀ ਤੇ ਓਹ ਓਦੋਂ ਤੀਕ ਆਰਾਮ ਦੀ ਨੀਂਦ ਨਹੀਂ ਸੌਂਦੇ ਸਨ ਜਦੋਂ ਤੀਕ ਪਰਜਾ ਦੇ ਇਸ ਦੁਖ ਨੂੰ ਦੂਰ ਨਾ ਕਰ ਦਿੰਦੇ ਸਨ।

---o---

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਤਾ ਤੇ ਪਰਉਪਕਾਰੀ ਮਹਾਰਾਜਾ

ਅਜ ਤੋਂ ਅਸੀ ਸਾਲ ਪਹਿਲਾਂ ਯਾ ਇਸਤਰਾਂ ਸਮਝੋ ਕਿ ਤੁਹਾਡੇ ਦਾਦਾ ਤੇ ਪੜਦਾਦਾ ਦੇ ਸਮੇਂ ਵਿਖੇ ਪੰਜਾਬ ਦੇ ਦੱਖਣ ਪੂਰਬ ਦੇ ਇਲਾਕੇ ਵਿਚ ਅਜੇਹਾ ਭਿਆਨਕ ਦੁਰਭਿੱਖ (ਕਾਲ) ਪਿਆ ਕਿ ਜਿਸਦੇ ਸੁਣਨ ਨਾਲ ਹੁਣ ਭੀ ਕਲੇਜਾ ਮੂੰਹ ਨੂੰ ਆਉਂਦਾ ਹੈ ਤੇ ਸਰੀਰ ਦੇ ਲੂੰ ਕੰਡੇ ਖੜੇ ਹੁੰਦੇ ਹਨ। ਓਹ ਇਲਾਕਾ ਜੇਹੜਾ ਸਤਲੁਜ ਤੇ ਜਮਨਾ ਦੇ ਵਿਚਕਾਰ ਹੈ ਵਿਸ਼ੇਸ਼ ਕਰਕੇ ਦੁਰਭਿਖ ਨਾਲ ਬਹੁਤ ਪੀੜਤ ਸੀ। ਲੋਕਾਂ ਦੀ ਇਹ ਦਸ਼ਾ ਹੋ ਗਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਕਿ ਉਹ ਆਪਣੇ ਘਰਾਂ ਨੂੰ ਛਡ ਛਡ ਕੇ ਹਿੰਦੁਸਤਾਨ ਦੇ ਦੂਜਿਆਂ ਹਿਸਿਆਂ ਵਿਚ ਚਲੇ ਗਏ ਸਨ । ਤ੍ਰੀਮਤਾਂ ਤੇ ਅਣਬੋਲ ਬਾਲ ਜ਼ੰਗਲਾਂ ਵਿਖੇ ਰੁਖਾਂ ਦੇ ਕੌੜੇ ਕਸੈਲੇ ਫੁਲ ਫਲ ਖਾਣ ਤੇ ਮਜਬੂਰ ਹੋ ਗਏ ਸਨ।

ਮਨੁਸ਼ਾਂ ਦੀ ਇਹ ਦਸ਼ਾ ਸੀ ਕਿ ਭੁਖ ਤੋਂ ਆਤੁਰ ਹੋ ਬਿਰਛਾਂ ਦੇ ਪਤਿਆਂ ਨੂੰ ਭੇਡਾਂ ਬਕਰੀਆਂ ਵਤ ਚਬਦੇ ਸਨ। ਉਨ੍ਹਾ ਥਾਂਵਾਂ ਤੇ ਜਿਥੇ ਖੂਹਾਂ ਦਾ ਪਾਣੀ ਬਹੁਤ ਡੂੰਘਾ ਹੰਦਾ ਹੈ ਲੋਕ ਟੋਬਿਆਂ ਤੇ ਨਾਲਿਆ ਦਾ ਪਾਣੀ ਪਾਂਦੇ ਹੰਦੇ ਹਨ। ਮੀਂਹ ਨਾ ਵਰਣ ਕਰਕੇ ਲੋਕ ਪਾਣੀ ਖ਼ੁਣੋਂ ਭੀ ਬਹੁਤ ਦੁਖੀ ਹੋ ਗਏ। ਵਿਚਾਰੇ ਚੋਪਾਏ ਜਾਨ-ਵਰ ਘਾਸ ਤੇ ਪਾਣੀ ਨਾ ਮਿਲਣ ਦੇ ਕਾਰਨ ਭੁਖ ਤ੍ਰਹ ਦੇ ਮਾਰੇ ਵਿਲਕ ੨ ਕੇ ਮਰ ਰਹੇ ਸਨ। ਕੁਦਰਤ ਨੇ ਬਦਲਾਂ ਨੂੰ ਮੀਂਹ ਬਰਸਾਣ ਤੋਂ ਬੰਦ ਰਖਿਆ ਸੀ। ਰਬ ਦੇ ਹਜਾਂਰ ਬੰਦੇ ਭੁਖ ਤੇ ਪਿਆਸ ਤੋਂ ਦੁਖੀ ਹੋਕੇ ਯਾ ਤਾ ਥਾਂ ਪਰ ਥਾਂ ਮਾਰੇ ੨ ਫਿਰ ਰਹੇ ਸਨ ਯਾ ਸਿਸਕ ੨ ਕੇ ਜਾਨਾਂ ਦੇ ਰਹੇ ਸਨ। ਮਾਂ ਬਾਪ ਆਪਣੀ ਤੇ ਆਪਣੇ ਬਚਿਆਂ ਦੀਆਂ ਜਾਨਾਂ ਬਚਾਉਣ ਹਿਤ ਇਨਾ ਨੂੰ ਲੋਕਾਂ ਪਾਸ ਵੇਚਣ ਲਈ ਲਿਲੜੀਆਂ ਕਢਦੇ ਸਨ।

ਕਈ ਨਿਕੇ ੨ ਫੁਲਾਂ ਵਰਗੇ ਬਾਲ ਭੁਖ ਦੇ ਮਾਰੇ ਵਿਆਕਲ ਹੋਏ ਰੋਟੀ ਦੀ ਇਕ ੨ ਬੁਰਕੀ ਦੀ ਉਡੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਰੋਂਦੇ ੨ ਹਮੇਸ਼ਾ ਦੀ ਨੀਂਦ ਸੋ ਜਾਂਦੇ ਸਨ। ਗਊਆਂ ਮਜੀਆ ਭੇਡਾਂ ਬਕਰੀਆਂ ਤੇ ਆਦਿਕ ਕਈ ੨ ਦਿਨ ਭੁਖੇ ਪਿਆਸੇ ਰਹਿਕੇ ਦੁਖੀ ਹੋ ਖੇਤਾਂ ਜਾ ਖੂਹਾਂ ਦੇ ਆਲੇ ਦੁਆਲੇ ਚਕਰ ਕਟਦੇ ਹੋਏ ਮਰ ਜਾਂਦੇ ਸਨ। ਅੰਨ ਐਨਾਂ ਮਹਿੰਗਾ ਹੋ ਗਿਆ ਸੀ ਇਕ ੨ ਦਾਣਾ ਜਵਾਹਾਰ ਬਣ ਗਿਆ ਸੀ ਕੌੜੇ ਬੇ ਸੁਆਦੇ ਤੇ ਸ਼ਰੀਰਕ ਅਰੋਗਤਾ ਨੂੰ ਵਿਗਾੜਨ ਵਾਲੇ ਦਰਖਤਾ ਦੇ ਪਤੇ ਮਿਲ ਜਾਂਦੇ ਸਨ ਤਾਂ ਮਨੁਸ਼ ਉਨਾਂ ਨੂੰ ਗ੍ਰਹਿਣ ਕਰਨ ਲਈ ਸਿਰ ਤੋੜ ਯਤਨ ਕਰਦੇ ਸਨ।

ਵਿਚਾਰੇ ਰੁਪਏਆਂ ਦਾ ਤਾਂ ਕੀ ਹਾਲ ਹੋਵੇਗਾ, ਇਸ ਵੇਲੇ ਲੋਕਾਂ ਦੀ ਦੁਰਦਸ਼ਾ ਹੋ ਰਹੀ ਸੀ ਤੇ ਉਹ ਦਿਨ ਨੇੜੇ ਹੀ ਸੀ ਕਿ ਜਿਸ ਦਿਨ ਮਨੁਸ਼ੀ ਨਸਲ ਦਾ ਜਹਾਜ ਇਸ ਦੁਖਾਂ ਦੇ ਸਮੁੰਦਰ ਵਿਚ ਡੁਬ ਜਾਂਦਾ।

ਪਰਮਾਤਮਾਂ ਦੀ ਮਿਹਰ ਤੇ ਦਇਆ ਉਨਾਂ ਦੁਖੀਆਂ ਦੀ ਸਹਾਇਤਾ ਲਈ ਆ ਪੁਜੀ। ਕਾਲ ਪੀੜਤ ਲੋਕਾਂ ਨੂੰ ਬਚਾਣ ਹਿਤ ਇਕ ਪਾਸੇ ਸਰਕਾਰ ਅੰਗਰੇਜ਼ੀ ਨੇ ਤੇ ਦੂਜੇ ਪਾਸੇ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਨੇ ਬੀੜਾਂ ਚੁਕੀਆਂ। ਲਫਟੈਂਟ ਗਵਰਨਰ ਨੇ ਸਾਰੇ ਜ਼ਿਲਿਆਂ ਵਿਚ ਹੁਕਮ ਦੇ ਦਿਤਾ ਕਿ ਐਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇਕ ਕੰਮ ਅਰੰਭੇ ਜਾਣ ਜਿਨ੍ਹਾਂ ਵਿਚੋਂ ਕਾਲ ਤੋਂ ਦੁਖੀ ਲੋਕਾਂ ਨੂੰ ਰੋਜ਼ੀ ਮਿਲ ਸਕੇ । ਸਾਰੇ ਸ਼ਹਿਰ ਤੇ ਪਿੰਡਾਂ ਵਿਚ ਇਸ ਕੰਮ ਲਈ ਚੰਦੇ ਇਕੱਠੇ ਕਰਨ ਹਿਤ ਕਮੇਟੀਆਂ ਨੀਯਤ ਹੋ ਗਈਆਂ ਤੇ ਸਰਕਾਰੀ ਖਜ਼ਾਨੇ ਤੋਂ ਸਹਾਇਤਾ ਦਿਤੀ ਗਈ। ਦਿਲੀ ਤੋਂ ਅੰਬਾਲੇ ਤੀਕ ਨਿਤਾਪ੍ਰਤੀ ਲਖਾਂ ਮਨੁਸ਼ਾਂ ਨੂੰ ਪਕੀ ਪਕਾਈ ਰੋਟੀਆਂ ਵੰਡੀਆਂ ਜਾਂਦੀਆਂ ਸਨ। ਮਹਾਰਾਜਾ ਪਟਿਆਲਾ ਨੇ ਆਪਣੀ ਪਰਜਾ ਨੂੰ ਇਸ ਦੁਖ ਤੋਂ ਬਚਾਣ ਲਈ ਇਹ ਵਿਉਂਤ ਕੀਤੀ ਕਿ ਆਪਣੇ ਮੋਦੀ ਖਾਨੇ ਦਾ ਮੂੰਹ ਖੋਲ ਦਿਤਾ ਤੇ ਅਠ ਲਖ ਚਾਲੀ ਹਜ਼ਾਰ ਰੁਪਏ ਦਾ ਤਿਨ ਲਖ ਇਕੱਤੀ ਹਜ਼ਾਰ ਮਣ ਅੰਨ ਆਪਣੀ ਪਰਜਾ ਵਿਚ ਵੰਡ ਦਿਤਾ ਤੇ ਜਿਨ੍ਹਾਂ ੨ ਪਰਗਣਿਆਂ ਵਿਚ ਮੀਂਹ ਨਹੀਂ ਵਰ੍ਹਿਆ ਸੀ ਉਥੋਂ ਦਾ ਮੁਆਮਲਾ (ਠੇਕਾ) ਜਿਹੜਾ ਚਾਰ ਲਖ ਹੁੰਦਾ ਸੀ ਮੁਆਫ਼ ਕਰ ਦਿਤਾ ।

ਨੌਕਰਾਂ ਲਈ ਇਹ ਰਿਆਇਤ ਕੀਤੀ ਕਿ ਉਨ੍ਹਾਂ ਲਈ ਦਾਣੇ ਦਾ ਭਾ ਨੀਯਤ ਕਰ ਦਿਤਾ ।ਇਨ੍ਹਾਂ ਗਲਾਂ ਤੋਂ ਅੱਡ ਰਿਆਸਤ ਪਟਿਆਲਾ ਵਿਚ ਥਾਉਂ ਥਾਈਂ ਨਵੀਆਂ ਇਮਾਰਤਾਂ ਬਨਾਣੀਆਂ ਅਰੰਭ ਦਿਤੀਆਂ ਤੇ ਕਾਲ ਪੀੜਤ ਲੋਕਾਂ ਨੂੰ ਉਥੇ ਮਜ਼ਦੂਰੀ ਪਰ ਲਾਇਆ ਗਿਆ ।।ਕਿਸਾਨਾਂ, ਨੌਕਰਾਂ ਤੇ ਮਜ਼ਦੂਰਾਂ ਤੋਂ ਬਿਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਹੜੇ ਲੋਕ ਕੋਈ ਮੇਹਨਤ ਦਾ ਕੰਮ ਨਹੀਂ ਕਰ ਸਕਦੇ ਸਨ ਉਨ੍ਹਾਂ ਲਈ ਸ਼ਹਿਰਾਂ ਤੇ ਨਗਰਾਂ ਵਿਖੇ ਸ਼ਰਕਾਰੀ ਲੰਗਰ ਖੋਹਲੇ ਗਏ, ਜਿਥੋਂ ਸਭ ਕੌਮ ਦੇ ਲੋਕਾਂ ਨੂੰ ਪਕਿਆ ਪਕਾਇਆ ਭੋਜਨ ਮਿਲ ਜਾਂਦਾ ਸੀ।

ਵੇਖੋ ! ਇਹ ਕਿਹੋ ਜਿਹਾ ਯੋਗ ਪਰਬੰਧ ਸੀ ਕਿ ਕਿਸਾਂਨ, ਮਜ਼ਦੂਰ, ਨੌਕਰ ਤੇ ਲੰਗੜੇ ਲੂਲ੍ਹੇ ਤਕ ਭੀ ਸਰਕਾਰੀ ਇਸ ਦਿਆਲਤਾ ਤੋਂ ਆਪਣੀ ਆਪਣੀ ਥਾਂ ਤੇ ਬਰਾਬਰ ਲਾਭ ਉਠਾਦਿਆ ਸੀ। ਮਹਾਰਾਜੇ ਦੇ ਇਸ ਪਰਉਪਕਾਰ ਤੇ ਦਾਤਾ-ਪਣ ਦਾ ਇਹ ਫਲ ਹੋਇਆ ਕਿ ਦੋ ਸਾਲ ਦੇ ਦੁਖਾਂ ਤੇ ਕਸ਼ਟਾਂ ਦੇ ਪਿਛੋਂ ਸਾਰੀ ਪਰਜਾ ਫੇਰ ਖੁਸ਼ਹਾਲ ਹੋ ਗਈ ਤੇ ਰੱਜ ਗਈ।

ਮਹਾਰਾਜਾ ਨਰਿੰਦਰ ਸਿੰਘ ਸਾਹਿਬ ਦੀ ਦਿਆ-ਲਤਾ ਤੇ ਹਮਦਰਦੀ ਦੀ ਇਹ ਕਹਾਣੀ ਰਿਆਸਤ ਪਟਿਆਲਾ ਦੇ ਇਤਹਾਸ ਨੂੰ ਹਮੇਸ਼ਾਂ ਲਈ ਦੁਨੀਆਂ ਨੂੰ ਸੁਣਾਂਦੀ ਰਹੇਗੀ ਤੇ ਮਨੁਖੀ ਨਸਲਾਂ ਮਹਾਰਾਜੇ ਦੇ ਇਸ ਪਰਉਪਕਾਰ ਨੂੰ ਕਦੇ ਨਾ ਭੁਲਾ ਸੱਕਣਗੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ੁਭ ਸਤਾਰੇ

ਸੰਮਤ ੧੯੭੩ ਈਸਵੀ ਵਿਖੇ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਨਾਰਥ ਬਰੁਕ ਨੇ ਰਾਜਪੂਤਾਨੇ ਤੇ ਗਬਲੇ ਹਿੰਦ ਦੇ ਰਾਜਿਆਂ ਮਹਾਰਾਜਿਆਂ ਤੇ ਕਈ ਖੁਦ ਮੁਖਤਿਆਰ ਰਈਸਾਂ ਦੀ ਮੁਲਾਕਾਤ ਲਈ ਆਗਰੇ ਵਿਖੇ ਦਰਬਾਰ ਨਯੀਤ ਕੀਤਾ । ਇਸ ਦਰਬਾਰ ਤੋਂ ਪਿਛੋਂ ਮਹਾਰਾਜਾ ਬਨਾਰਸ ਤੇ ਮਹਾਰਾਜਾ ਰੀਵਾ, ਮਥਰਾ ਤੇ ਬਿੰਦਰਾਬਨ ਹੋਂਦੇ ਹੋਏ ਸੈਰ ਕਰਨ ਲਈ ਦਿਲੀ ਪੁਜੇ ਤੇ ਰਿਆਸਤ ਪਟਿਆਲੇ ਦੇ ਮਕਾਨ ਜੀਨਤ ਮਹਲ ਵਿਚ ਆ ਕੇ ਠਹਿਰੇ ਜੇਹੜਾ ਉਨਾ ਲਈ ਪਹਿਲਾਂ ਤੋਂ ਹੀ ਚੰਗੀ ਤਰਾਂ ਸਜਾਇਆ ਹੋਇਆਂ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਾਡੇ ਮਹਾਰਾਜਾ ਮਹਿੰਦਰ ਸਿੰਘ ਸਾਹਿਬ ਬਹਾਦਰ ਨੇ ਯੋਗ ਸਮਝ ਕੇ ਆਪਣੇ ਦੋ ਅਹਿਲਕਾਰ ਉਨਾਂ ਦੀ ਸੇਵਾ ਕਰਨ ਲਈ ਭੇਜੇ ਤੇ ਇਹ ਗਲ ਭੀ ਕਹੀ ਕਿ ਪਟਿਆਲਾ ਭੀ ਕੁਝ ਦੂਰ ਨਹੀਂ ਹੈ ਜੇ ਕੁਝ ਤਕਲੀਫ ਨਾ ਹੋਵੇ ਤਾਂ ਜਰੂਰ ਇਥੇ ਭੀ ਦਰਸ਼ਨ ਦਿਓ। ਮਹਾਰਾਜਾ ਬਨਾਰਸ ਤਾਂ ਇਸ ਲਈ ਨਹੀਂ ਆ ਸਕੇ ਕਿ ਉਨਾਂ ਨੇ ਕਾਲਜ ਦੇ ਖੋਲਨ ਦੀ ਰਸਮ ਵਿਚ ਸ਼ਾਮ ਲ ਹੋਣਾ ਸੀ ਪਰ ਮਹਾਰਾਜਾ ਰਘੁਬੀਰ ਸਿੰਘ ਰੀਵਾ ਵਾਲੇ ਪਟਿਆਲਾ ਆਉਣਲਈ ਤਿਆਰ ਹੋ ਗਏ। ਰਸਤੇ ਵਿਚ ਆਉਂਦੇ ਹੋਏ ਕੁਰਛੇਤਰ ਦੇ ਉਘੇ ਤੀਰਥ ਤੇ ਇਸ਼-ਨਾਨ ਕਰਨ ਕੁਝ ਦਿਨਾਂ ਲਈ ਠਹਿਰ ਗਏ। ਇਥੇ ਭੀ ਇਨਾਂ ਦੇ ਰਹਿਣ ਦਾ ਪ੍ਰਬੰਧ ਰਿਆਸਤ ਪਟਿਆਲਾ ਦੇ ਅਹਿਲਕਾਰਾਂ ਨੇ ਹੀ ਕੀਤਾ ਸੀ। ਤੀਰਥ ਯਾਤਰਾ ਤੋਂ ਵੇਹਲੇ ਹੋ ਕੇ ਉਹ ੧੧ ਦਸੰਬਰ ਸੰ: ੧੮੧੩ ਨੂੰ ਪਟਿ-ਆਲੇ ਪੁਜੇ। ਅਸਾਡੇ ਮਹਾਰਾਜਾ ਮਹਿੰਦਰ ਸਿੰਘ ਸਾਹਿ ਬ ਨੇ ਇਨਾਂ ਦੀ ਵਡੀ ਸਜ ਧਜ ਨਾਲ ਆਓ ਭਗਤ ਕੀਤੀ ਤੇ ਮੋਤੀ ਬਾਗ ਮਹਿਲ ਵਿਚ ਇਨਾਂ ਦਾ ਡੇਰਾ ਕੀਤਾ। ਪੰਜ ਦਿਨ ਤੀਕ ਇਨਾਂ ਦੇ ਨਾਲ ਆਉਣ ਵਾਲੇ ਸਾਥੀਆਂ ਦੀ ਵਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਨਦਾਰ ਖਾਤਰ ਹੁੰਦੀ ਰਹੀ। ਦਿਨ ਦੇ ਵਿਚ ਸੈਰ, ਸ਼ਿਕਾਰ ਤੇ ਗਾਨਿਆਂ ਅਤੇ ਨਾਚਾਂ ਨਾਲ ਇਨ੍ਹਾਂ ਦਾ ਦਿਲ ਬਹਿਲਾਇਆ ਜਾਂਦਾ ਸੀ। ਰਾਤ ਨੂੰ ਆਤਸ਼ਬਾਜ਼ੀ ਚਲਾਈ ਗਈ।

ਮਹਾਰਾਜਾ ਸਾਹਿਬ ਰੀਵਾ ਅਸਾਡੇ ਮਹਾਰਾਜੇ ਦੀ ਪਰਾਹੁਣ ਚਾਰੀ, ਖਾਤਰਾਂ ਤੇ ਨੇਕੀ ਤੋਂ ਇਤਨੇ ਖੁਸ਼ ਹੋਏ, ਕਿ ਉਨ੍ਹਾਂ ਨੇ ਆਪਣੀ ਖੁਸ਼ੀ ਦੇ ਜੋਸ਼ ਵਿਚ ਮਹਾਰਾਜਾ ਮਹਿੰਦਰ ਸਿੰਘ ਸਾਹਿਬ ਦੀ ਵਡਿਆਈ ਵਿਚ ਇਕ ਕਬਿਤ ਲਿਖਿਆ। ਸੋਲਾਂ ੧੬ ਦਸੰਬਰ ਦੀ ਰਾਤ ਨੂੰ, ਜਦੋਂ ਅਸਾਡੇ ਮਹਾਰਾਜਾ ਉਨ੍ਹਾਂ ਨੂੰ ਵਿਦਾ ਕਰਨ ਲਈ ਮਿਲਨ ਗਏ ਤਾਂ ਮਹਾਰਾਜਾ ਰੀਵਾ ਨੇ ਅੰਗਰੇਜ਼ੀ ਵਿਚ ਇਸ ਪਰਕਾਰ ਆਖਿਆ, ਕਿ ਮੈਂ ਆਪਣੀ ਦਿਲੀ ਖੁਸ਼ੀ ਨੂੰ ਪਰਗਟ ਕਰਨ ਹਿਤ ਅਜ ਸਵੇਰੇ ਇਹ ਕਬਿਤ ਲਿਖਿਆ ਹੈ ਤੇ ਅਪਣੇ ਹੱਥ ਨਾਲ ਸ਼ੀਸ਼ ਮਹਿਲ ਦੀ ਦੀਵਾਰ ਤੇ ਲਿਖ ਦਿਤਾ ਹੈ, ਤਾਕਿ ਇਸ ਮਕਾਨ ਵਿਚ ਮੇਰੇ ਠਹਿਰਨ ਦੀ ਯਾਦ ਸਦੀਵ ਲਈ ਤਾਜ਼ੀ ਰਹੇ, ਤੇ ਜ਼ਦੋਂ ਭੀ ਆਪ ਇਸ ਲਿਖਤ ਨੂੰ ਵੇਖੋ, ਤਾਂ ਝਟ ਯਾਦ ਆਪ ਜੀ ਦੇ ਦਿਲ ਵਿਚ ਆ ਜਾਵੇ। ਉਹ ਕਬਿਤ ਇਸ ਪਰਕਾਰ ਹੈ:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਤ੍ਰੀ ਸਰਸ ਕਵਿ ਉਦਾਰ ਸਰਦਾਰ ਸਭੈ,
ਪੰਡਿਤ ਕੀ ਮੰਡਲੀ ਸੀ ਮੰਡਿਤ ਸਮਾਜ ਕੇ।
ਸ਼ੇਰ ਔ ਸ਼ਿਕਾਰ ਵਹਾਂ ਮੰਜੁਲ ਤੜਾਗਾ ਕੇਤੇ,
ਬਾਂਧੇ ਸੁਰਜਾਦ ਸਭਾਜੁਧ ਰਾਜ ਸਾਜ ਕੇ।
ਮਨੋ ਬਾਂਧ ਬੇਸ ਮਹਾਰਾਜਾ ਰਘੁਰਾਜ ਸਿੰਘ,
ਕੀਨੀ ਸਤਿਕਾਰ ਪ੍ਰੇਮ ਪੂਰਨ ਦਰਾਜ ਕੇ।
ਸ਼ਾਲਾ ਸ਼ਾਲਾ ਵਿਸੁਲ ਮੁਰਾਤਬਾ ਵਿਸ਼ਾਲ ਦੇਯ,
ਕੇਸ਼ਵ ਕ੍ਰਿਪਾਲਾ ਪਟਿਆਲਾ ਮਹਾਰਾਜ ਕੇ।

ਇਸ ਦੇ ਅਰਥ ਇਹ ਹਨ, "ਵਜ਼ੀਰਾਂ, ਹਸ-ਮੁਖ ਕਵੀਆਂ ਤੇ ਦਾਨੀਆਂ ਨਾਲ ਇਹ ਦਰਬਾਰ ਇਕ ਵਿਦਵਾਨਾਂ ਦੀ ਸਭਾ ਦਿਖਾਈ ਦਿੰਦੀ ਹੈ। ਸੈਰ ਤੇ ਸ਼ਿਕਾਰ ਲਈ ਜੰਗਲ ਤੇ ਬੀੜ ਹਨ ਤੇ ਸੋਹਣੇ ਸਾਫ਼ ਬਾਗ ਅਤੇ ਤਲਾਬ ਰਿਆਸਤ ਵਿਚ ਬਹੁਤ ਵਧ ਹਨ। ਰਿਆਸਤ ਵਿਚ ਜੰਗਲ ਤੇ ਬਾਗ ਦੀਆਂ ਸਭਾਵਾਂ ਤੇ ਮਜਲਸਾਂ ਦਾ ਬਹੁਤ ਚੰਗਾ ਤੇ ਨੇਮ ਬੰਧ ਪਰਬੰਧ ਹੈ। ਮਹਾਰਾਜਾ ਰਘੁਰਾਜ ਸਿੰਘ ਜੀ ਨੇ ਇਨ੍ਹਾਂ ਸਾਰਿਆਂ ਪਰਬੰਧ ਨੂੰ ਵਡੀ ਖੁਸ਼ੀ ਨਾਲ ਵਰਨਣ ਕੀਤਾ ਹੈ। ਇਥੋਂ ਪਰਾਹੁਣਿਆਂ ਦਾ ਵਡਾ ਸਵਾਗਤ ਤੇ ਆਓ ਭਾਗਤ ਕੀਤੀ ਜਾਂਦੀ ਹੈ। ਇਹ ਪਰਮਾਤਮਾਂ ਦੀ ਵਡੀ ਦਿਆਲਤਾ ਹੈ ਕਿ ਉਸ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਰਾਜਾ ਪਟਿਆਲੇ ਨੂੰ ਇਤਨਾ ਵਡਾ ਦਰਜਾ ਤੇ ਮਾਣ ਬਖਸ਼ਿਆ ਹੈ।"

ਜਦੋਂ ਆਪ ਕਬਿਤ ਪੜ੍ਹ ਚੁਕੇ ਤਾਂ ਅਸਾਡੇ ਮਹਾਰਾਜਾ ਸਾਹਿਬ ਨੇ ਆਪਣੇ ਪਿਆਰੇ ਮਹਮਾਨ ਨੂੰ ਅੰਗਰੇਜ਼ੀ ਵਿਚ ਹੀ ਜਵਾਬ ਦਿਤਾ ਕਿ ਆਪ ਦੇ ਇਸ ਕਬਿੱਤ ਦਾ ਇਕ ੨ ਅਖਰ ਖੁਸ਼ੀ ਪਰਗਟ ਕਰਦਾ ਹੈ। ਆਪ ਜੀ ਦਾ ਕਬਿੱਤ ਇਸ ਲਈ ਚੰਗਾ ਨਹੀਂ ਕਿ ਇਸ ਵਿਚ ਮੇਰੇ ਅਮੀਰਾਂ, ਵਜ਼ੀਰਾਂ ਤੇ ਚੰਗੇ ਚੰਗੇ ਮਕਾਨਾਂ ਦੀ ਵਡਿਆਈ ਕੀਤੀ ਹੈ, ਸਗੋਂ ਆਪਣੇ ਪਰਾਹੁਣਚਾਰੀ ਦੇ ਸਮਾਨਾ ਨੂੰ ਵੱਡੀ ਖੁਸ਼ੀ ਨਾਲ ਸਵੀਕਾਰ ਕੀਤਾ ਹੈ ਅਤੇ ਮੇਰੀ ਬੇਨਤੀ ਤੇ ਸਦਾ ਪਤਰ ਨੂੰ ਪਰਵਾਨ ਕਰਕੇ ਰਿਆਸਤ ਵਿਚ ਆਪਣੇ ਚਰਨ ਪਾਏ ਹਨ। ਇਸ ਲਈ ਮੈਂ ਆਪ ਦਾ ਵਡਾ ਧੰਨਵਾਦ ਕਰਦਾ ਹਾਂ। ਇਸ ਗਲ ਬਾਤ ਤੋਂ ਪਿਛੋਂ ਮਹਾਰਾਜਾ ਰਘੂਰਾਜ ਸਿੰਘ ਬਹਾਦਰ ਵਿਦਾ ਹੋ ਆਪਣੀ ਰਾਜਧਾਨੀ ਰੀਵਾ ਨੂੰ ਪਰਤ ਗਏ।

ਬਚਿਓ ! ਇਸ ਕਹਾਣੀ ਦੇ ਪੜ੍ਹਣ ਨਾਲ ਤੁਹਾਨੂੰ ਕਈ ਚੰਗੀਆਂ ਗਲਾਂ ਦਾ ਪਤਾ ਲਗੇਗਾ। ਇਕ ਤਾਂ ਇਹ ਕਿ ਮਹਾਰਾਜਾ ਰੀਵਾ ਸੰਸਕ੍ਰਿਤ ਬੋਲੀ ਦੇ ਵਡੇ ਵਿਦਵਾਨ ਸਨ। ਦੂਜੇ ਭਾਸ਼ਾ ਦੇ ਚੰਗੇ ਕਵੀਸਨ। ਇਨ੍ਹਾਂ ਦੇ ਕਬਿੱਤ ਦਾ ਇਕ ੨ ਪਦ ਅਸਲੀਅਤ ਤੋਂ ਖਾਲੀ ਨਹੀਂ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸਚਾਈ ਨੂੰ ਦੂਰੇਡੇ ਰਖਦੇ ਹੋਇਆਂ ਹੋਰ ਕਵੀਆਂ ਵਾਂਗ ਕੋਈ ਗਲ ਵਧ ਚੜ੍ਹ ਕੇ ਨਹੀਂ ਆਖੀ ਗਈ ਦੂਜੇ ਮਹਾਰਾਜਾ ਰਘੂਰਾਜ ਸਿੰਘ ਬਹਾਦਰ ਜਹੇ ਵਿਦਵਾਨ ਰਾਜਾ ਨਾਲ ਅਜੇਹੀ ਮਿਤ੍ਰਤਾ ਦੀਨੋਹ ਬੰਨ੍ਹਣੀ ਪਰਗਟ ਕਰਦੀ ਹੈ ਕਿ ਸਾਡੇ ਮਹਾਰਾਜਾ ਮਹਿੰਦਰ ਸਿੰਘ ਸਾਹਿਬ ਭੀ ਕੋਈ ਘਟ ਵਿਦਵਾਨ ਨਹੀਂ ਸਨ। ਤੀਜੇ ਇਸ ਕਬਿਤ ਤੋਂ ਰਿਆਸਤ ਦੇ ਪਰਬੰਧ ਦੀਆਂ ਖੂਬੀਆਂ ਦਾ ਪਤਾ ਚਲਦਾ ਹੈ। ਕਵੀ ਤੇ ਬਾਦਸ਼ਾਹ ਦੋਹਾਂ ਦੀਆਂ ਨਜ਼ਰਾਂ ਹਰ ਚੀਜ਼ ਦੀ ਗਹਿਰਾਈ ਤਕ ਪਹੁੰਚ ਜਾਂਦੀਆਂ ਹੁੰਦੀਆਂ ਹਨ। ਮਹਾਰਾਜਾ ਰੀਵਾ ਬਾਦਸ਼ਾਹ ਭੀ ਸਨ ਤੇ ਕਵੀ ਭੀ ਸਨ। ਇਸ ਲਈ ਜੋ ਗਲਾਂ ਭੀ ਉਨ੍ਹਾਂ ਨੇ ਇਸ ਕਬਿਤ ਵਿਚ ਲਿਖੀਆਂ ਹਨ ਉਹ ਸੋਚ ਸਮਝਕੇ ਠੀਕ ਸੋਲਾਂ ਆਨੇ ਸਚੀਆਂ ਵਰਨਣ ਕੀਤੀਆਂ ਹਨ।

ਮਹਾਰਾਜਾ ਮਹਿੰਦਰ ਸਿੰਘ ਵਡੇ ਵਿਧਵਾਨ ਤੇ ਵਿਦਵਾਨਾਂ ਦੀ ਕਦਰ ਕਰਨ ਵਾਲੇ ਸਨ। ਆਪ ਪੰਜਾਬੀ, ਉਰਦੂ ਫਾਰਸੀ ਤੇ ਅੰਗ੍ਰੇਜ਼ੀ ਬੋਲੀ ਵਿਚ ਭਲੀ ਭਾਂਤ ਬਾਤ ਚੀਤ ਕਰ ਸਕਦੇ ਸਨ। ਕਵਿਤਾ ਤੇ ਕਵੀਆਂ ਨਾਲ ਆਪ ਜੀ ਦਾ ਖਾਸ ਪਿਆਰ ਸੀ। ਮਿਰਜ਼ਾ ਖ਼ਾਵਰ ਸੀਸਤਾਨੀ ਆਪ ਦੇ ਦਰਬਾਰੀ ਕਵੀ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਰਾਜਾ ਮਹਿੰਦਰ ਸਿੰਘ ਦੀ ਉਦਾਰਤਾ ਤੇ ਰਹਿਮ ਦਿਲੀ

ਮਾਹਰਾਜਾ ਸਾਹਿਬ ਨਰਿੰਦਰ ਸਿੰਘ ਸਾਹਿਬ ਦੇ ਸਪੁੱਤਰ ਮਹਾਰਾਜਾ ਮਹਿੰਦਰ ਸਿੰਘ ਨੂੰ ਜੇ ਕੁਬੇਰ ਦਾ ਮਾਣ ਬਖਸ਼ਿਆ ਜਾਵੇ, ਤਥਾ ਦਿਆਲਤਾ ਦਾ ਪੁੰਜ ਕਹਿ ਦਿਤਾ ਜਾਵੇ, ਤਾਂ ਭੀ ਥੋੜਾ ਹੈ ਕਿਉਂਕਿ ਇਨ੍ਹਾਂ ਮਹਾਰਾਜਾ ਸਾਰਿਬ ਨੇ, ਪਰਜਾ ਦੀ ਭਲਾਈ ਲਈ, ਤਜਾਰਤ ਨੂੰ ਉੱਨਤ ਕੀਤਾ। ਵਿੱਦਜਾ ਲਈ ਬਹੁਤ ਧਨ ਖਰਚ ਕਰਕੇ ਮਾਣ ਪਰਾਪਤ ਕੀਤਾ। ਪਰਜਾ ਦੀ ਅਰੋਗਤਾ ਲਈ ਇਨ੍ਹਾਂ ਦੇ ਸਮੇਂ ਹੀ ਸਭ ਤੋਂ ਪਹਿਲਾਂ ਅੰਗਰੇਜ਼ੀ ਢੰਗ ਦਾ ਹਸ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੜਤਾਲ ਨੀਯਤ ਹੋਇਆ। ਚੇਚਕ ਜੇਹੀ ਮਾਰੂ ਬੀਮਾਰੀ ਤੋਂ ਬਚਣ ਲਈ ਟੀਕਾ (ਵੈਕਸੀ ਨੇਸ਼ਨ) ਕਰਨ ਦਾ ਪਰਬੰਧ ਕੀਤਾ। ਸੰ: ੧੯੭੫ ਵਿਖੇ ਮਹਿੰਦਰਾ ਕਾਲਜ ਦੀ ਨੀਂਹ ਰੱਖੀ ਗਈ, ਤੇ ਪੰਜਾਬ ਯੂਨੀਵਰਸਟੀ ਨੂੰ ਇਕ ਵਡੀ ਭਾਰੀ ਰਕਮ ਦਿੱਤੀ ਗਈ। ਅੱਠ ਸੌ ਰੁਪਏ ਦਾ ਹਮੇਸ਼ਾ ਲਈ ਵਜ਼ੀਫ਼ਾ ਅਲੀਗੜ੍ਹ ਕਾਲਜ ਲਈ ਪਰਵਾਨ ਕੀਤਾ। ਟੈਲੀਗਰਾਫ਼ ਦਾ ਸਿਲਸਲਾ ਭੀ ਇਨ੍ਹਾਂ ਦੇ ਸਮੇਂ ਹੀ ਨੀਯਤ ਹੋਇਆ। ਨਹਿਰ ਸਰਹੰਦ ਦੀ ਨੀਂਹ ਭੀ ਇਨ੍ਹਾਂ ਦੇ ਸਮੇਂ ਹੀ ਰੱਖੀ ਗਈ, ਜੋ ਅੱਜ ਤੀਕ ਰਿਆਸਤ ਪਟਿਆਲੇ ਦੇ ਇਲਾਕੇ ਨੂੰ ਸਿੰਜ ਰਹੀ ਹੈ, ਤੇ ਸਿੰਜੇਗੀ।

ਮਹਾਰਾਜਾ ਦੀ ਨੇਕ ਨੀਅਤੀ, ਅਕਲਮੰਦੀ ਤੇ ਉਨ੍ਹਾਂ ਦੇ ਜ਼ਾਤੀ ਦੰਬਦਬੇ ਤੇ ਮੇਲਜੋਲ ਦੇ ਸਦਕੇ, ਕੇਵਲ ਹਿੰਦੁਸਤਾਨ ਦੇ ਰਾਜੇ ਮਹਾਰਾਜੇ ਹੀ ਇਜ਼ਤ ਦੀ ਨਿਗਾਹ ਨਾਲ ਨਹੀਂ ਵੇਖਦੇ ਸਨ, ਸਗੋਂ ਮਲਕਾ ਮੁਅੱਜ਼ਮਾ ਦੀ ਅੰਗਰੇਜ਼ੀ ਸਰਕਾਰ ਦੀ ਨਿਗਾਹ ਵਿੱਚ ਭੀ ਆਪਦੀ ਉਹੋ ਸ਼ਾਨ ਸੀ।

ਹੁਣ ਤੁਹਾਨੂੰ ਹਿਜ਼ ਰਾਇਲ ਹਾਈਨੈਸ ਪਰਿੰਸ ਆਫ਼ ਵੇਰਜ਼ ਦੇ ਹਿੰਦੁਸਤਾਨ ਆਉਣ ਦਾ ਹਾਲ ਸੁਣਉਂਦੇ ਹਾਂ। ਇਸਤੋਂ ਤੁਹਾਨੂੰ ਪਤਾ ਲਗੇਗਾ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਾਡੇ ਮਹਾਰਾਜਾ ਮਹਿੰਦਰ ਸਿੰਘ ਸਾਹਿਬ ਬਹਾਦਰ ਕਿਸ ਆਨ ਸ਼ਾਨ ਦੇ ਆਦਮੀ ਸਨ।

ਸ਼ਿਮਲੇ ਤੋਂ ਵਾਇਸਰਾਏ ਹਿੰਦ ਨਾਰਥ ਬਰੁਕ ਸਾਹਿਬ ਬਹਾਦਰ ਨੇ, ਆਪਣੇ ਪਵਿਤਰ ਹਥਾਂ ਨਾਲ, ਮਹਾਰਾਜੇ ਦੀ ਸੇਵਾ ਵਿਖੇ ਇਕ ਸਦਾ ਪਤਰ ਲਿਖਿਆ, ਜਿਸ ਵਿਚ ਆਪ ਨੇ ਹਿਜ਼ ਰਾਇਲ ਹਾਈਨੈੱਸ ਪਰਿੰਸ ਆਫ ਵੇਲਜ਼ ਦੇ ਕਲਕੱਤੇ ਵਿਖੇ ਤਸ਼ਰੀਫ ਲਿਆਵਣ ਦੀ ਬਾਬਤ ਫੁਰਮਾਇ ਤੇ ਇਹ ਭੀ ਲਿਖਿਆ ਕਿ ਮੈਨੂੰ ਆਸ ਹੈ ਆਪ ਭੀ ਇਸ ਮੌਕੇ ਤ ਕਲਕਤੇ ਤਸ਼ਰੀਫ ਲਿਆ ਕੇ ਜਲਸੇ ਦੀ ਸ਼ਾਨ ਨੂੰ ਸਸ਼ੋਬਤ ਕਰੋਗੇ, ਅਤੇ ਮੈਂਨੂੰ ਆਪਦੀ ਸੇਵਾ ਕਰਨ ਦਾ ਉਹ ਸਮਾਂ ਪ੍ਰਾਪਤ ਹੋਵੇਗਾ, ਕਿ ਜਿਸ ਸਜ ਧਜ ਨਾਲ ਆਪ ਨੇ ਪਟਿਆਲੇ ਮੇਰਾ ਮਾਣ ਤੇ ਸੇਵਾ ਕੀਤੀ ਸੀ। ਇਸ ਲਈ ਮੈਂ ਆਸ ਕਰਦਾਂ ਹਾਂ ਕਿ ਮੈਂ ਭੀ ਕਲਕਤੇ ਵਿਖੇ ਆਪ ਜੀ ਦੀ ਮਾਣ ਤੇ ਵਡਿਆਈ ਨੂੰ ਸ਼ਸ਼ੋਬਤ ਕਰਨ ਲਈ ਧੰਨਭਾਗੀ ਹੋਵਾਂਗਾ।

ਇਸ ਪਿਆਰ ਭਰੀ ਚਿਠੀ ਦੇ ਪੁਜਣ ਪੁਰ ਮਹਾਰਾਜਾ ਸਾਹਿਬ, ਪਟਿਆਲੇ ਤੋਂ ਸਵਾਰ ਹੋਕੇ ਅਲੀ ਗੜ੍ਹ, ਬਰੇਲੀ ਤੇ ਲਖਨਓ ਆਦਿਕ ਸ਼ਹਿਰਾਂ ਵਿਚਦਾ ਹੁੰਦੇ ਹੋਏ ਕਲਕਤੇ ਪੁਜੇ, ਤੇ ਵਾਇਸਰਾਏ ਹਿੰਦ, ਮਹਾਰਾਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਆਓ ਭਗਤ ਤੇ ਸਵਾਗਤ ਲਈ'ਸਹਲ'ਦਰਿਆ ਤੇ ਪੁਜੇ ਤੇ ਇਸ ਸਵਾਗਤ ਵਿਚ ਹਿੰਦੁਤਾਨ ਦੇ ਵਡੇ ੨ ਰਈਸ ਤੇ ਰਾਜੇ ਮਹਾਰਾਜੇ ਭੀ ਸ਼ਾਮਲ ਸਨ। ਇਸ ਸਮੇਂ, ਕਲਕਤੇ ਵਿਖੇ ਮਹਾਰਾਗਾਨ ਕਸ਼ਮੀਰ, ਗਵਾਲੀਅਰ ਟਰਾਵਨਕੋਰ, ਇੰਦੌਰ ਅਤੇ ਜੈ ਪੁਰ ਦੇ ਦੀਵਾਨ ਸਿਪਾਸਾਲਾਰ, ਨੀਪਾਲ ਆਦਿਕ ਦੇ ਅਤੇ ਹੋਰ ਬਹੁਤ ਸਾਰੇ ਵਡੇ ੨ ਰਾਜੇ ਭੀ ਆਏ ਹੋਏ ਸਨ। ਸਵਾਗਤ ਤੋਂ ਅਗਲੀ ਸਵੇਰ ਵਾਇਸਰਾਏ ਬਹਾਦਰ ਨੇ ਸਭ ਤੋਂ ਪਹਿਲਾਂ ਮਹਾਰਾਜਾ ਸਾਹਿਬ ਨਹਿੰਦਰ ਸਿੰਘ ਜੀ ਨੂੰ ਮਿਲਣ ਲਈ ਸਦਾ ਪਤਰ ਭੇਜਿਆ। ਮਹਾਰਾਜਾ ਸਾਹਿਬ ਦੇ ਗਵਰਨਮੈਂਟ ਹਾਉਸ ਦੇ ਉਸ ਕਮਰੇ ਵਿਚ, ਜਿਥੇ ਪਰਿੰਸ ਆਫ ਵੇਲਜ਼ ਸੀ, ਵਾਇਸਰਾਏ ਸਾਹਿਬ ਨੇ ਸਤਿਕਾਰ ਕੀਤਾ ਤੇ ਉਸ ਕੌਚ ਤੇ ਸਜੇ ਪਾਸੇ ਬਿਠਾਇਆ ਜਿਸ ਤੇ ਆਪ ਬੈਠੇ ਸਨ ਤੇ ਬੜੇ ਪਿਆਰ ਤੇ ਖੁਸ਼ੀ ਦੀ ਗਲ ਬ਼ਾਤ ਹੁੰਦੀ ਰਹੀ। ਇਸਤੋਂ ਉਪਰੰਤ ਆਪਣੇ ਹਥ ਨਾਲ ਇਤਰ ਤੇ ਪਾਨ ਦੇ ਕੇ ਵਿਦਾ ਕੀਤਾ।

ਬਚਿਓ! ਜੇ ਤੁਸੀਂ ਇਸ ਕਹਾਣੀ ਨੂੰ ਧਿਆਨ ਨਾਲ ਪੜ੍ਹੋਗੇ ਤਾਂ ਅਵਸ਼ ਇਸ ਸਿਟੇ ਤੇ ਪੁਜੋਗੇ ਕਿ ਮਹਾਰਾਜਾ ਮਹਿੰਦਰ ਸਿੰਸ ਸਾਹਿਬ ਬਹਾਦਰ ਅਸਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੀ ਵਡੀ ਸ਼ਾਨ ਦੇ ਮਹਾਰਾਜੇ ਸਨ। ਉਨ੍ਹਾਂ ਦੀ ਦਿਆਲਤਾ ਦੇ ਦਰਿਆ, ਮਹਿੰਰਾ ਕਾਲਜ ਤੇ ਨਹਿਰ ਸਰਹੰਦ ਦੀ ਆਬਪਸ਼ੀ ਹੁਣ ਤੀਕ ਰਿਆਸਤ ਵਿਚ ਜਾਰੀ ਹੈ ਤੇ ਸਦੀਵ ਲਈ ਹੀ ਜਾਰੀ ਰਹੇਗੀ ਅਤੇ ਇਹ ਉਹ ਦਰਿਆ ਹਨ, ਗਿਨ੍ਹਾਂ ਤੋਂ ਹਰ ਮਜ਼ਹਬ ਤੇ ਫਿਰਕੇ ਦੇ ਲੋਕ ਸਦੀਵ ਲਈ ਲਾਭ ਉਠਾਂਦੇ ਰਹੇ ਹਨ ਤੇ ਲਾਭ ਪ੍ਰਾਪਤ ਕਰਦੇ ਰਹਿਨਗੇ।

ਇਕ ਦਰਿਆ ਰੂਹ ਨੂੰ ਆਰਾਮ ਬਖਸ਼ਦਾ ਹੈ, ਤਾਂ ਦੂਜਾ ਸਰੀਰ ਦੀ ਪਾਲਣਾ ਵਿਚ ਲਗਾ ਹੋਇਆ ਹੈ। ਹੁਣ ਤੁਸੀਂ ਆਪ ਹੀ ਸੋਚੋ ਤੇ ਖਿਆਲ ਕਰੋ ਕਿ ਮਹਾਰਾਜਾ ਮਹਿੰਦਰ ਸਿੰਘ ਬਹਾਦਰ ਕਿੰਨੇ ਸਖੀ, ਰਹਿਮ ਦਿਲ ਤੇ ਦਾਤਾ ਮਹਾਰਾਜਾ ਸਨ, ਜਿਨ੍ਹਾਂ ਦੀਆਂ ਬਖਸ਼ਿਸ਼ਾਂ ਦੇ ਸੋਮਿਆਂ ਨਾਲ ਹੁਣ ਤੀਕ ਇਨ੍ਹਾਂ ਦੀ ਪਰਜਾ ਦਾ ਬੱਚਾ ਬੱਚਾ ਸੁਰਜੀਤ ਹੋ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦਾਰਤਾ ਦਾ ਸਮੁੰਦਰ

ਅਜ ਅਸੀਂ ਤੁਹਾਨੂੰ ਉਸ ਸਖੀ ਤੇ ਉਦਾਰ ਚਿੱਤ ਮਹਾਰਾਜੇ ਦੀ ਕਹਾਣੀ ਸੁਣਾਂਦੇ ਹਾਂ, ਜਿਸਦਾ ਦਿਲ ਇਸ ਭਾਂਤ ਦਾ ਵਡਾ ਤੇ ਉਦਾਰ ਸੀ ਕਿ ਫਰਿਆਦੀਆਂ ਦੀਆਂ ਦਰਖਾਸਤਾਂ ਉਨ੍ਹਾਂ ਦੀ ਉਦਾਰਤਾ ਦਾ ਥਹੁ ਨਾ ਲਾ ਸਕੀਆਂ । ਇਸ ਸਖੀ ਦਾਤਾ ਤੋਂ ਮੁਰਾਦ ਅਸਾਡੀ ਮਹਾਰਾਜੇ ਰਾਜਿੰਦਰ ਸਿੰਘ ਤੋਂ ਹੈ। ਜਿਨ੍ਹਾਂ ਦੀ ਦਵਿਆ ਦਿਲੀ ਤੇ ਨੇਕ ਨੀਅਤੀ ਦੀ ਕਹਾਣੀਆਂ ਹੁਣ ਤੀਕ ਲੋਕਾਂ ਦੇ ਯਾਦ ਹਨ । ਇਹ ਉਹ ਮਹਾਰਾਜੇ ਹਨ, ਜਿਨ੍ਹਾਂ ਦੇ ਦਿਲ ਵਿਚ ਵਾਹਿਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਇਤਨੀ ਹਮਦਰਦੀ ਕੂਟ ੨ ਕੇ ਭਰੀ ਹੋਈ ਸੀ। ਇਹ ਆਪਣੀ ਪਰਜਾ ਦੇ ਕਿਸੇ ਬੰਦੇ ਨੂੰ ਦੁਖ ਵਿਚ ਵੇਖ ਕੇ ਤਾਂ ਇਕ ਪਾਸੇ ਕਿਸੇ ਦੁਖ ਫਸੇ ਮਨੁਖ ਦਾ ਹਾਲ ਸੁਣ ਕੇ ਭੀ ਵਿਆਕਲ ਹੋ ਜਾਂਦੇ ਸਨ।

ਇਸ ਮਹਾਰਾਜੇ ਦੀ ਆਪਣੀ ਪਰਜਾ ਪੁਰ ਇੰਨੇ ਅਹਿਸਾਨ ਹਨ ਕਿ ਅਸੀਂ ਇਸ ਛੋਟੀ ਜਹੀ ਪੁਸਤਕ ਵਿਚ ਉਨ੍ਹਾਂ ਨੂੰ ਵੇਰਵੇ ਨਾਲ ਵਰਨਣ ਨਹੀਂ ਕਰ ਸਕਦੇ ਪਰ ਫੇਰ ਭੀ ਉਨ੍ਹਾਂ ਉੱਘੀਆਂ ਗੱਲਾਂ ਦਾ ਹਾਲ ਸੁਣਾਂਦੇਹਾਂ, ਜਿਨ੍ਹਾਂ ਦਾ ਯਾਦ ਰਖਣਾ ਤੁਹਾਡੇ ਲਈ ਅਤਿ ਜ਼ਰੂਰੀ ਹੈ।

ਦੇਖੋ ਤੁਸੀਂ ਕਈ ਵੇਰ ਰੇਲਵੇ ਸਟੇਸ਼ਨ ਤੇ ਸੈਰ ਕਰਨ ਗਏ ਹੋਵੋਗੇ। ਰਾਜਿੰਦਰ ਸ਼ਸਪਤਾਲ ਦੀ ਇਮਾਰਤ ਵੇਖੀ ਹੋਵੇਗੀ। ਬਾਰਾਂਦਰੀ ਦੇ ਮਨ ਮੋਹਣੇ ਬਾਗ ਤੇ ਅੰਗਰੇਜ਼ੀ ਭਾਂਤ ਦੀਆਂ ਕੋਠੀਆਂ ਦੇ ਦਰਸ਼ਨ ਕੀਤੇ ਹੋਣਗੇ। ਕਰਿਕਟ ਗਰਾਊਂਡ, ਘੋੜਦੌੜ ਤੇ ਪੋਲੋ ਗਰਾਊਂਡਾਂ ਵਿਚ ਖੇਲਾਂ ਦੇਖੀਆਂ ਹੋਣਗੀਆਂ ਅਤੇ ਇਨ੍ਹਾਂ ਸਾਰੀਆਂ ਸ਼ਾਨਦਾਰ ਇਮਾਰਤਾਂ ਨੂੰ ਧਿਆਨ ਨਾਲ ਵੇਖਿਆ ਹੋਵੇਗਾ। ਇਹ ਸਭ ਇਮਾਰਤਾਂ ਮਹਾਰਾਜਾ ਰਾਜਿੰਦਰ ਸਿੰਘ ਦੀਆਂ ਬਣਵਾਈਆਂ ਹੋਈਆਂ ਹਨ ਤੇ ਓਹਨਾਂ ਦੀ ਯਾਦਨੂੰ ਹਰ ਵੇਲੇ ਤਾਜ਼ਾ ਕਰ ਰਹੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਇਮਾਰਤਾਂ ਤੇ ਮਰਦਾਨਾਂ ਖ਼ੇਲਾਂ ਦੇ ਸਮਾਨ ਆਪਣੀ ਜ਼ਬਾਨ ਤੋਂ ਮਹਾਰਾਜ਼ਾ ਰਾਜਿੰਦਰ ਸਿੰਘ ਬਹਾਦਰ ਦੀ ਉਚ ਜ਼ਹਿਨੀਅਤ, ਹਿੰਮਤ, ਦਲੇਰੀ, ਰਹਿਮਤ ਤੇ ਉਦਾਰਤਾ ਦੇ ਗੁਣ ਗਾ ਰਹੀਆਂ ਹਨ। ਕਹਿਣ ਨੂੰ ਤਾਂ ਸਾਰੀਆਂ ਚੀਜ਼ਾਂ ਦੇ ਨਾਂਵ ਲੈਣ ਲਈ ਇਕ ਮਿੰਟ ਦੀ ਲੋੜ ਹੈ। ਪਰ ਕੇਵਲ ਕੱਲੇ ਰਾਦਿੰਦਰ ਹਸਪਤਾਲ ਦੀ ਇਮਾਰਤ ਤੇ ਸਾਮਾਨ ਵਲ ਤਕੀਏ ਤਾਂ ਪਤਾ ਲਗੇਗਾ ਕਿ ਮਹਾਰਾਜੇ ਨੇ ਆਪਣੀ ਰਿਆਸਤ ਲਸੀ ਕਿਤਨਾ ਧਨ ਖਰਚਿਆ ਤੇ ਇਨ੍ਹਾਂ ਤੋਂ ਬਿਨਾਂ ਲੋਕਾਂ ਦੀ ਖੁਸ਼ੀ ਤੇ ਖੇਲਾਂ ਦੇ ਸਾਮਾਨ ਲਈ ਘੋੜ ਦੋੜ ਤੇ ਕਰਿਕਟ ਗਰਾਊਂਡ ਆਦਿਕ ਚੀਜ਼ਾਂ ਪਰ ਕਿਤਨਾ ਖਰਚ ਕੀਤਾ ਹੈ ਕਿਉਂਕਿ ਵਰਤਮਾਣ ਸਮੇਂ ਵਿਚ ਅਜਿਹੀਆਂ ਖੇਲਾਂ ਤੇ ਖੇਲਾਂ ਦੇ ਸਮਾਨ ਕੌਮਾਂ ਦੀ ਜ਼ਿੰਗੀ ਮੋਤ ਦੇ ਸਵਾਲ ਨੂੰ ਹਲ ਕਰਨ ਦਾ ਜ਼ਿਰੀਆ ਸਮਝੇ ਜਾਂਦੇ ਹਨ।

ਦੇਖੋ ਲਾਰਡ ਵੈਲਿੰਗਟਨ ਇਕ ਅੰਗਰੇਜ਼ ਸਿਪਾਹ ਸਾਲਾਰ (ਸੈਨਾਪਤੀ), ਜਿਸ ਨੇ ਫ਼ਰਾਂਸੀਸੀ ਸ਼ਾਹਿਨਸ਼ਾਹ ਨੈਪੋਲੀਅਨ ਨੂੰ ਹਾਰ ਦਿ ਤੀ ਸੀ, ਲਿਖਦਾ ਹੈ—'ਇਹ ਫਤੇ, ਜੋ ਮੈਂਨੂੰ ਵਾਟਰਲੋ ਦੇ ਮੁਕਾਮ ਤੇ ਮਿਲੀ ਹੈ ਅਜਿਹੀਆਂ ਕਈ ਜਿਤਾਂ ਪਹਿਲਾਂ ਭੀ ਮੈਂਨੂੰ ਫੁਟਬਾਲ ਦੇ ਖੇਲਾਂ ਵਿਚ ਮਿਲ ਚੁਕੀਆਂ ਹਨ। ,ਅਜੇਹੀਆਂ ਖੇਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸਿਧਾਂਤ ਇਹ ਹੁੰਦਾ ਹੈ ਕਿ ਖਿਲਾੜੀ ਨੂੰ ਮੌਕਾ ਪਹਿਚਾਨਣਾ, ਦਿਲ ਕਾਬੂ ਵਿਚ ਰਖਣਾ ਤੇ ਕੌਮੀਅਤ ਦੀ ਸ਼ਾਨ ਨੂੰ ਕਾਇਮ ਰਖਣ ਦਾ ਸਬਕ ਸਿਖਣਾ ਆ ਜਾਂਦਾ ਹੈ।

ਮਹਾਰਾਜਾ ਸਾਹਿਬ ਬਹਾਦਰ ਅਸਲ ਵਿਚ ਵਡੇ ਦਲੇਰ ਤੇ ਖਿਲਾੜੀ (ਸਪੋਰਟਸਮੈਨ) ਸਨ। ਸਪੋਰਟਸ-ਮੈਨ ਅੰਗਰੇਜ਼ ਵਿਚ ਉਸੇ ਮਨੁਸ਼ ਨੂੰ ਆਖਦੇ ਹਨ ਜੇਹੜਾ ਖੁਸ਼ ਆਚਰਣ, ਮੇਹਨਤੀ, ਬਹਾਦਰ ਤੇ ਉਚੇ ਹੌਸਲੇ ਵਾਲਾ ਹੋਵੇ। ਇਨ੍ਹਾਂ ਦੀ ਹਿੰਮਤ ਨੇ ਰਿਆਸਤ ਪਟਿਆਲਾ ਦੇ ਜਵਾਨਾਂ ਦੇ ਦਿਲਾਂ ਵਿਚ ਜ਼ਿੰਦਗੀ ਦੀ ਇਕ ਨਵੀਂ ਲਹਿਰ ਕਾਇਮ ਕਰ ਦਿਤਾ, ਜਿਸਦਾ ਸਿੱਟਾ ਇਹ ਨਿਕਲਿਆ ਕਿ ਕਰਿਕਟ, ਫੁਟਬਾਲ, ਪੋਲੋ ਤੇ ਘੌੜ ਦੌੜ ਵਿਚ ਰਿਆਸਤ ਪਟਿਆਂਲਾ ਸਾਰੀ ਦੁਨੀਆਂ ਵਿਚ ਅੱਵਲ ਰਹਿੰਦਾ ਰਿਹਾ ਤੇ ਪਟਿਆਲਾ ਦੀਆਂ ਟੀਮਾਂ ਵਿਸ਼ੇਸ਼ ਕਰ ਕੇ ਜਿਤਦੀਆਂ ਰਹੀਆਂ।

ਇਨ੍ਹਾਂ ਦੇ ਵੇਲੇ ਸਾਰੇ ਮੁਲਕ ਵਿਚ ਰੇਲਾਂ ਦਾ ਜਾਲ ਵਿਛ ਗਿਆ ਸੀ। ਇਸ ਲਈ ਰਾਜ ਪੁਰੇ ਤੋਂ ਲੈਕੇ ਬਠਿੰਡੇ ਤਕ ਰੇਲਵੇ ਲਾਈਨ ਆਪ ਦੇ ਸਮੇਂ ਵਿਚ ਹੀ ਬਣੀ। ਰੇਲਵੇ ਦੀ ਉੱਨਤੀ ਦੇ ਨਾਲ ਨਾਲ ਸਭ੍ਯਤਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਿਆ ਦਾ ਘੇਰਾ ਭੀ ਵਧਦਾਗਿਆ।ਰਾਜਿੰਦਰ ਹਾ
ਸਕੂਲ ਬਠਿੰਡਾ ਤੇ ਹੋਰ ਸੈਂਕੜੇ ਛੋਟੇ ਸਕੂਲ ਇਸੇ ਸਮੇ
ਖੋਲ੍ਹੇ ਗਏ। ਆਪਣੀ ਰਈਅਤ ਦੀ ਪੜ੍ਹਾਈ ਤੇ ਤਰਬੀ
ਅਤ ਲਈ ਮਹਾਰਾਜੇ ਨੇ ਲੱਖਾਂ ਰੁਪਏ ਖਰਚ ਕੀਤਾ।

ਸਮਾਂਲੰਘਦਾ ਜਾਵੇਗਾ ਪਰ ਪਟਿਆਲਾ ਰਿਆ
ਸਤ ਦੇ ਸਵਸਨੀਕ ਆਪਣੇ ਸਚੇਤੇ ਰਹਿਮ ਦਿਲ ਮਹਾ
ਰਾਜੇ ਦੀ ਯਾਦ ਨੂੰ ਕਦੇ ਨਾ ਭੁਲਾਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਚਾ ਸਿਪਾਹੀ

ਇਕ ਵਾਰ ਦੀ ਵਾਰਤਾ ਹੈ ਕਿ ਗਲਾਬੀ ਜਾੜੇ ਦੀ ਰੁਤ ਵਿਚ ਮਹਾਰਾਜਾ ਰਾਜਿੰਦਰ ਸਿੰਘ ਸਾਹਿਬ ਬਹਾਦੁਰ ਆਪਣੇ ਕੁਝ ਸਰਦਾਰਾਂ ਸਮੇਤ ਕੌਲੀ ਦੇ ਬੀੜ ਵਲ ਸਵੇਰ ਵੇਲੇ ਸੈਰ ਤੇ ਸ਼ਿਕਾਰ ਲਈ ਤਸ਼ਰੀਫ ਲੈ ਗਏ। ਬੀੜ ਇਸ ਇਲਾਕੇ ਦੀ ਜ਼ਬਾਨ ਵਿਚ ਮੈਦਾਨੀ ਜੰਗਲ ਨੂੰ ਆਖਦੇ ਹਨ। ਕੋਲੀ ਦਾ ਬੀੜ ਪਟਿਆਲੇ ਤੋਂ ਪੂਰਬ ਵਲ ਸਤ ਮੀਲ ਦੀ ਵਿੱਥ ਤੇ ਹੈ, ਤੇ ਕਈ ਮੁਰੱਬਾ ਮੀਲ ਵਿਚ ਫੈਲਿਆ ਹੋਇਆ ਹੈ। ਇਸ ਲਈ ਇਸ ਵਿਚ ਕਈ ਭਾਂਤ ਦੇ ਦਰਿੰਦੇ ਤੇ ਚਰਿੰਦੇ ਜਾਨਵਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੇਸ਼ ਕਰਕੇ ਰਹਿੰਦੇ ਹਨ। ਕਈ ਹਿਸੇ ਤਾਂ ਇਸਦੇ ਅਜਿਹੇ ਸੰਹਣੇ ਜੰਗਲ ਨਾਲ ਖਚਾ ਖਚ ਭਰੇ ਪਏ ਹਨ, ਕਿ ਉਨ੍ਹਾਂ ਵਿਚ ਦੀ ਲੰਘਣਾ ਭੀ ਔਖਾ ਹੈ। ਝਾੜੀਆਂ, ਕਿਕਰ, ਜੰਡ, ਬੇਰੀ ਤੇ ਰੇਰੂ ਆਦਿਕ ਬ੍ਰਿਛ ਇਤਨੇ ਹਨ ਕਿ ਇਥੇ ਚਲਣਾ ਫਿਰਨਾ ਭੀ ਔਖਾ ਹੈ। ਕਿਤੇ ਕਿਤੇ ਖੁਲ੍ਹੀਆਂ ਜਗ੍ਹਾ ਭੀ ਹਨ, ਜਿਥੇ ਪਾਣੀ ਦੇ ਟੋਭੇ ਭੀ ਹਨ। ਉਨ੍ਹਾਂ ਦੇ ਆਲੇ ਦੁਆਲੇ ਹਰੀ ਘਾਹ ਉਗੀ ਹੋਈ ਹੈ। ਇਸ ਬੀੜ ਵਿਚ ਰਹਿਣ ਵਾਲੇ ਜਾਨਵਰ ਇਸੇ ਪਾਣੀ ਨੂੰ ਪੀਂਦੇ ਹਨ।

ਹੁਣ ਤਾਂ ਇਸ ਬੀੜ ਦੀ ਹਾਲਤ ਕੁਝ ਹੋਰ ਹੋ ਗਈ ਹੈ। ਇਸ ਦੇ ਸੰਘਣੇ ਹਿਸਿਆਂ ਵਿਚੋਂ ਮੋਟਰਾਂ ਦੀਆਂ ਸੜਕਾਂ ਨਿਕਲ ਗਈਆਂ ਹਨ, ਪਰ ਜਿਸ ਸਮੇਂ ਦਾ ਅਸੀਂ ਵਰਨਣ ਕਰਦੇ ਹਾਂ, ਉਸ ਵੇਲੇ ਬੀੜ ਆਪਣੀ ਕੁਦਰਤੀ ਹਾਲਤ ਵਿਚ ਸੀ। ਜਦ ਮਹਾਰਾਜਾ ਪਿਗ ਸਟਿਕਿੰਗ, ਭਾਵ ਘੋੜੇ ਤੇ ਸਵਾਰ ਹੋਕੇ ਨੇਜ਼ੇ ਨਾਲ ਸੂਰ ਦਾ ਸ਼ਿਕਾਰ ਕਰ ਚੁਕੇ ਤਾਂ ਇਸ ਵੇਲੇ ਧੁਪ ਬਹੁਤ ਤੇਜ਼ ਹੋ ਰਹੀ ਸੀ, ਸ਼ਿਕਾਰ ਦੀ ਤਲਾਸ਼, ਸੂਰਜ ਦੀ ਤੇਜ਼ੀ ਤੇ ਗਰਮੀ ਨੇ ਜੰਗਲੀ ਜਾਨਵਰਾਂ ਨੂੰ ਸੰਘਣੇ ਜੰਗਲ ਵਿਚ ਛੁਪਣ ਲਈ ਮਜਬੂਰ ਕਰ ਦਿਤ ਾਸੀ। ਇਹ ਹਾਲ ਵੇਖਕੇ ਮਹਾਰਾਜਾ ਸਾਹਿਬ ਕੁਝ ਚਿਰ ਲਈ ਪਾਣੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਨਾਰੇ ਹਰੇ ਘਾ ਉਤੇ ਦਰਖਤ ਦੀ ਛਾਇਆ ਵਿਚ ਆਰਾਮ ਕਰਨ ਲਈ ਲੇਟ ਗਏ। ਨਾਲਦੇ ਸਰਦਾਰ ਝਟਾ ਪਟ ਰਗ ਆਦਿਕ ਲੈ ਕੇ ਮਹਾਰਾਜਾ ਸਾਹਿਬ ਦੇ ਹੇਠ ਵਿਛਾਉਣ ਲਈ ਦੌੜੇ, ਪਰ ਮਹਾਰਾਜਾ ਸਾਹਿਬ ਬਹਾਦਰ ਨੇ ਇਨ੍ਹਾਂ ਨੂੰ ਅਜਿਹਾ ਕਰਨੋ ਰੋਕ ਦਿਤਾ ਤੇ ਫੁਰਮਾਇਆ ਕਿ ਮੈਂ ਐਸ਼ ਤੇ ਅਰਾਮ ਦਾ ਇੰਨਾ ਸ਼ੋਕੀਨ ਨਹੀਂ ਕਿ ਆਪਣੀ ਸਿਪਾਹੀਆਨਾ ਜ਼ਿੰਦਗੀ ਨੂੰ ਭੁਲ ਜਾਵਾਂ। ਮਖ਼ਮਲੀ ਫ਼ਰਸ਼ਾਂ ਤੇ ਤਾਂ ਮੈਂ ਹਰ ਰੋਜ਼ ਹੀ ਆਰਾਮ ਕਰਦਾ ਹਾਂ। ਇਸ ਕੁਦਰਤੀ ਫਰਸ਼ ਤੇ ਲੇਟਣਾ ਕਦੇ ਕਦੇ ਨਸੀਬ ਹੁੰਦਾ ਹੈ ਮਹਾਰਾਜਾ ਦੀਆਂ ਇਹ ਵਡਮੁਲੀਆਂ ਸ਼ਾਹਨਾਂ ਗਲਾਂ ਸੁਣ ਕੇ ਸਾਰੇ ਸਫ਼ਰ ਦੇ ਸਾਥੀ ਚੁਪ ਹੋ ਗਏ।

ਬਚਿਓ! ਮਹਾਰਾਜਾ ਰਾਜਿੰਦਰ ਸਿੰਘ ਸਾਹਿਬ ਦੇ ਇਹ ਵਾਕ ਉਨ੍ਹਾਂ ਦਾ ਕੁਦਰਤੀ ਦਰਿੱਸ਼ਾਂ ਨਾਲ ਪਿਆਰ ਤੇ ਦਿਲਚਸਪੀ ਪਰਗਟ ਕਰਦੇ ਹਨ ਪਰ ਉਥੇ ਇਹ ਭੀ ਪਰਗਟ ਹੁੰਦਾ ਹੈ ਕਿ ਸ਼ਾਹੀ ਸਾਜ਼ੋ ਸਾਮਾਨ ਤੇ ਆਰਾਮ ਅਤੇ ਸਲਤਨਤ ਦੀ ਹਕੂਮਤ ਦਾ ਜੋਸ਼ ਉਨ੍ਹਾਂ ਦੀ ਫੌਜੀ ਸਪਿਰਟ ਤੇ ਸਾਦਾ ਦਿਲੀ ਨੂੰ ਕਦੇ ਭੀ ਨਹੀਂ ਦਬਾ ਸਕਦੇ ਸੀ। ਇਹੋ ਕਾਰਨ ਸੀ ਕਿ ਉਹ ਅਮਨ ਦੇ ਸਮੇਂ ਪੋਲੋ ਕਰਿਕਟ ਤੇ ਘੋੜਦੌੜ ਦੀਆਂ ਮਰਦਾਨਾਂ ਖੇਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਬੇ ਰੋਕ ਟੋਕ ਖੇਡਦੇ ਸਨ ਤੇ ਜੰਗਲ ਦੇ ਸਮੇਂ ਛੇਤੀ ਹੀ ਇਕ ਬਹਾਦਰ ਸੈਨਾ ਪਤੀ ਦੀ ਤਰ੍ਹਾਂ ਗਾਤਰੇ ਵਿਚ ਤਲਵਾਰ ਪਾ ਮੈਦਾਨ ਜੰਗ ਵਿਚ ਆ ਗੱਜਦੇ ਸਨ। ਜ਼ਮਾਨਾ ਅਮਨ ਦੇ ਖੇਲ ਅਤੇ ਜੰਗ ਦੇ ਕੰਮ ਇਨ੍ਹਾਂ ਨੂੰ ਰੋਕ ਨਹੀਂ ਸਕਦੇ ਸਨ।

ਆਪ ਦੇ ਐਹਦ ਵਿਚ ਜਦੋਂ ਗਵਰਨਮੈਂਟ ਦੀ ਸਰਹੱਦੀਆਂ ਨਾਲ ਜੰਗ ਹੋਈ ਤੇ ਇਹ ਖਬਰ ਮਹਾਰਾਜੇ ਨੂੰ ਮਿਲੀ ਤਾਂ ਆਪ ਨੇ ਝਟ ਸਭ ਤੋਂ ਪਹਿਲਾਂ ਆਪਣੀ ਤੇ ਆਪਣੀ ਰਈਅਤ ਵਲੋਂ ਐਲਾਨ ਕੀਤਾ ਕਿ ਅਸੀਂ ਗਵਰਨਮੈਂਟ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਾਂਗਾ।

ਆਪ ਨੇ ਮੈਦਾਨੇ ਜੰਗ ਵਿਚ ਆਪਣੀ ਖ਼ਾਨਦਾਨੀ ਬਹਾਦਰੀ ਦੇ ਜੌਹਰ ਦਿਖਾਏ ਤੇ ਇਕ ਪਹਾੜੀ ਮੋਰਚਾ ਆਪ ਜੀ ਦੀ ਬਹਾਦਰੀ ਦੇ ਸਦਕੇ ਸਰ ਹੋਇਆ। ਮਹਾਰਾਜੇ ਦੀ ਯਾਦ ਵਿਚਇਕ ਫੌਜ ਦਾ ਹਿੱਸਾ ਬਣਾਇਆ ਗਿਆ ਜੇਹੜਾ ਰਾਜਿੰਦਰ ਲਾਨਸਰ ਦੇ ਨਾਉਂ ਤੋਂ ਪ੍ਰਸੱਧ ਹੈ। ਜਿਥੇ ਮਹਾਰਾਜੇ ਦੇ ਬਣਾਏ ਹੋਏ ਸਕੂਲ, ਹਸਪਤਾਲ ਯਤੀਮ ਖਾਨੇ ਤੇ,ਹੋਰ ਦੂਜੀਆਂ ਚੀਜ਼ਾਂ ਪਰਜਾ ਨੂੰ ਸੁਖ ਪਹੁੰਚਾ ਰਹੀਆਂ ਹਨ, ਓਥੇ ਸ਼ਹਿਰ ਪਟਿਆਲਾ ਦੀ ਸੁਹੱਪਣ ਲਈ ਬਹੁਤ ਕੁਝ ਵਾਧਾ ਕੀਤਾ ਹੋਇਆ ਕੋਈ ਘਟ ਨਹੀਂ ਆਉਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਣਾਂ ਦਾ ਪੁੰਜ

ਅੱਜ ਅਸੀਂ ਤੁਹਾਨੂੰ ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਦੇ ਹਾਲ ਸੁਣਾਂਦੇ ਹਾਂ। ਇਹ ਉਹ ਮਾਨ ਯੁਗ ਮਹਾਰਜਾ ਸਨ, ਜਿਨ੍ਹਾਂ ਦੀ ਵਡਿਆਈ ਦੀ ਧੁੰਮ ਹਿੰਦੁ-ਤਾਨ ਤੇ ਸਲਤਨਤ ਬਰਤਾਨੀਆ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿਖੇ ਆਪਦੀ ਮਾਣਤਾ ਤੇ ਅਕਲਮੰਦੀ ਦੇ ਗੁਣ ਗਾਏ ਜਾਂਦੇ ਹਨ।

ਦੁਨੀਆਂ ਵਿਚ ਅਜਿਹਾ ਘਟ ਹੀ ਮਨੁੱਸ਼ ਮਿਲੇਗਾ, ਜਿਹੜਾ ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਮਹਿੰਦਰ ਬਹਾਦਰ ਨੂੰ ਨਾ ਜਾਣਦਾ ਹੋਵੇ ਤੇ ਉਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਸਿਫਤਾਂ ਤੋਂ ਅਣਜਾਣ ਹੋਵੇ।

ਹਿੰਦੁਸਤਾਨ ਵਿਚ ਉਂਵ ਤਾਂ ਬਹੁਤ ਸਾਰੇ ਵੱਡੇ ਵ ਮਹਾਰਾਜੇ ਆਲੀ ਦਿਮਾਗ਼ ਤੇ ਪਰਬੰਧਕ ਮੌਜੂਦ ਹਨ ਤੇ ਮਹਾਤਮਾਂ ਗਾਂਧੀ ਜੈਸੇ ਮਹਾਤਮਾਂ, ਪੰਡਿਤ ਜਵਾਹਰ ਲਾਲ ਜਿਹੇ ਵਤਨ ਪਰਸਤ ਦੇਸ਼ ਭਗਤ ਅਤੇ ਕੌਮ ਦੇ ਮਾਣ, ਇਸ ਦੇਸ਼ ਦੀ ਸੋਭਾ ਨੂੰ ਚਾਰ ਚੰਦ ਲਾ ਰਹੇ ਹਨ, ਪਰ ਉਹ ਖ਼ੂਬੀਆਂ ਜਿਹੜੀਆਂ ਪਰਮਾਤਮਾਂ ਨੇ ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਵਿਚ ਭਰੀਆਂ ਸਨ ਹੋਰ ਕਿਸੇ ਹਿੰਦ ਵਾਸੀ ਵਿਖੇ ਨਜ਼ਰ ਨਹੀਂ ਆਉਂਦੀਆਂ।

ਮਹਾਰਾਜਾ ਸਾਹਿਬ ਹਿੰਦੁਸਤਾਨ ਦੀ ਵੱਡੀ ਤੇ ਨਾਮਵਰ ਰਿਆਸਤਾਂ ਵਿਚੋਂ ਇਕ ਰਿਆਸਤ ਦੇ ਹੁਕਮ-ਰਾਨ ਸਨ, ਹਿੰਦੁਸਤਾਨ ਦੇ ਉੱਘੇ ਸੈਨਾਪਤੀਆਂ ਵਿਚੋਂ ਪਰਖੇ ਹੋਏ ਸੈਨਾਪਤੀ ਸਨ। ਹਕੂਮਤ ਬਰਤਾਨੀਆਂ ਦੇ ਮੁਦੱਬਰ ਤੇ ਅਕਲਮੰਦ ਨੀਤੀਵੇਤਾ ਮਨੁਸ਼ਾਂ ਵਿਚੋਂ ਸਨ। ਆਪ ਵੱਡੇ ਦੇਸ਼ ਭਗਤ, ਲੈਕਚਰਾਰ ਤੇ ਦੇਸ਼ ਦੀ ਸੇਵਾ ਕਰਨ ਵਾਲੇ ਸਨ। ਇਹ ਸਖੀ ਤੇ ਦਿਆਲਤਾ ਦੇ ਸਾਗਰ ਸਨ। ਇਨ੍ਹਾਂ ਦੀ ਦਿਆਲਤਾ ਦਾ ਸੋਮਾ ਕਿਸੇ ਖ਼ਾਸ ਮਜ਼ਹਬ ਜਾਂ ਕਿਸੇ ਖ਼ਾਸ ਮਨੁਸ਼ ਲਈ ਨਹੀਂ ਸੀ। ਉਹ ਸਭ ਲਈ ਇਕਸਾਰ ਸਣ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਲ ਕੀ ਉਹ ਇਕ ਸੂਰਜ ਵਾਂਗ ਸਨ, ਜਿਨ੍ਹਾਂ ਦੀ ਉਦਾਰਤਾ ਦੀਆਂ ਕਿਰਣਾਂ ਸਭ ਨੂੰ ਰੋਸ਼ਨੀ ਪਹੁੰਚਾਂ-ਦੀਆਂ ਸਨ । ਇਨ੍ਹਾਂ ਦੇ ਦੂਰ ਦਰਸ਼ੀ ਹੋਣ ਦੀਆਂ ਕਹਾਣੀਆਂ ਹੁਣ ਤੋਕ ਬਦੇਸ਼ੀ ਮੁਲਕਾਂ ਵਿਚ ਚੱਕਰ ਕੱਟ ਰਹੀਆਂ ਹਨ । ਉਨ੍ਹਾਂ ਦੀ ਹਿੰਮਤ ਤੇ ਬਹਾਦਰੀ ਦੀਆਂ ਕਹਾਣੀਆਂ ਦੁਨੀਆਂ ਦੇ ਕੋਨੇ ੨ ਵਿਚ ਭਰਪੂਰ ਹਨ । ਆਪ ਹਿਜ਼ ਮੈਜਸਟੀ ਜਾਰਜ ਪੰਜਮ ਦੇ ਏ.ਡੀ. ਸੀ. ਤੇ ਵਾਲੀਅਨ ਰਿਆਸਤ ਹਾਏ ਹਿੰਦ ਦੇ ਬਹੁਤ ਚਿਰ ਤਕ ਪਰਧਾਨ ਰਹੇ। ਇਸ ਸਮੇਂ ਵਡੀ ੨ ਨੀਤਕ ਗਲਾਂ)ਨੂੰ ਸਿਰੇ ਚਾੜ੍ਹਦੇ ਰਹੇ ਹਨ। ਹਿੰਦੁਸਤਾਨ ਦੇ ਸਭ ਕੌਮੀ ਸਕੂਲਾਂ, ਕਾਲਜਾਂ ਤੇ ਯੂਨੀਵਰਸਟੀਆਂ ਵਿਚ ਮਾਇਕ ਹਿਸਾ ਲੈਂਦੇ ਰਹੇ । ਬਹੁਤ ਸਾਰੇ ਹਿੰਦੁਸਤਾਨੀ ਰਿਲੀਫ ਫੰਡਾਂ ਵਿਖੇ ਗ਼ਰੀਬ ਲੋਕਾਂ ਦੀ ਸਹਾਇਤਾ ਲਈ ਲੱਖਾਂ ਰੁਪਏ ਦਾਨ ਦਿੰਦੇ ਰਹੇ। ਪਿਛਲੇ ਜੰਗ ਜਰਮਨ ਵਿਚ ਦੁਸ਼ਮਨ ਦੇ ਦੇਸਾਂ ਦੇ ਜ਼ੁਲਮ ਤੇ ਬੇ ਰਹਿਮੀ ਦੀ ਰੋਕ ਥਾਮ ਲਈ ਆਪਨੇ ਸਰਕਾਰ ਹਿੰਦ ਦੀ ਉਹ ਸਹਾਇਤਾ ਕੀਤੀ ਹੈ ਜਿਸਦੀ ਮਿਸਾਲ ਮਿਲਣੀ ਔਖੀ ਹੈ।

ਬਚਿਓ ! ਤੁਹਾਨੂੰ ਚੇਤੇ ਹੋਣਾ ਚਾਹੀਦਾ ਹੈ ਕਿ ਉਹ ਮਹਾਰਾਜਾ ਜਿਹੜਾ ਬਦੇਸ਼ੀ ਲੋਕਾਂ ਨੂੰ ਇਤਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਭ ਪੁਚਾਂਦਾ ਹਿਹਾ ਹੋਵੇ ਉਸਨੇ ਆਪਣੀ ਰਿਆਸਤ ਦੀ ਭਲਾਈ ਲਈ ਕੀ ਕੁਝ ਨਾ ਕੀਤਾ ਹੋਵੇਗਾ।

ਇਹ ਠੰਡੀ ਸੜਕ ਜਿਹੜੀ ਸਟੇਸ਼ਨ ਤੋਂ ਮੋਤੀ ਬਾਗ਼ ਨੂੰ ਜਾ ਰਹੀ ਹੈ, ਇਹਨਾਂ ਨੇ ਹੀ ਬਣਾਈ। ਸ਼ਹਿਰ ਪਟਿਆਲੇ ਦੀ ਸਫ਼ਾਈ ਤੇ ਪਾਣੀ ਦਾ ਪ੍ਰਬੰਧ ਆਪਦੇ ਹੀ ਸਮੇਂ ਵਿਚ ਹੋਇਆ। ਸਰਹੰਦ ਤੋਂ ਰੋਪੜ ਤਕ ਰੇਲਵੇ ਲਾਇਨ ਆਪ ਜੀ ਦੀ ਹਿੰਮਤ ਦਾ ਹੀ ਕਾਰਨ ਹੈ। ਨਾਰਨੌਲ ਦਾ ਪਹਾੜੀ ਤੇ ਰੇਤਲਾ ਇਲਾਕਾ ਰੇਲਵੇ ਲਾਈਨ ਰਾਹੀਂ ਜੈ ਪੂਰ ਤੇ ਰਿਵਾੜੀ ਨਾਲ ਆਪਨੇ ਹੀ ਮਿਲਾਇਆ ਸੀ। ਵਿਦਿਆ ਵਿਚ ਇਤਨਾ ਵਾਧਾ ਕੀਤਾ ਕਿ ਰਿਆਸਤ ਦਾ ਕੋਈ ਵਡਾ ਸ਼ਹਿਰ ਤੇ ਕਸਬਾ ਅਤੇ ਪਿੰਡ, ਸਕੂਲਾਂ ਤੋਂ ਖਾਲੀ ਨਹੀਂ ਰਹਿਣ ਦਿਤਾ। ਜੇਕਰ ਰਿਆਸਤ ਪਟਿਆਲਾ ਦਾ ਕੋਈ ਬਾਹਰ ਰਹਿਣ ਵਾਲਾ ਪੰਜਾਹ ਸਾਲ ਦਾ ਬੁਢਾ ਆਦਮੀ ਅਜ ਸ਼ਹਿਰ ਪਟਿਆਲੇ ਨੂੰ ਆਕੇ ਵੇਖੇ ਤਾਂ ਉਹਨੂੰ ਇਸਦੀ ਬਣਤਰ ਤੋਂ ਧੋਖਾ ਲਗੇਗਾ ਤੇ ਉਹ ਹੈਰਾਨ ਰੋਵੇਗਾ ਕਿ ਗੰਦੀਆਂ ਤੇ ਅੰਧੇਰੀਆਂ ਗਲੀਆਂ ਅਤੇ ਟੁਟੀ ਭੱਜੀਆਂ ਦੁਕਾਨਾਂ ਅਜ ਕਿਹੋ ਜਹੀਆਂ ਸ਼ਾਨਦਾਰ, ਸਾਫ਼ ਤੇ ਬਿਜਲੀ ਆਦਿਕ ਨਾਲ ਗਹਿਮਾ ਗਹਿਮ ਕਰ ਰਹੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਆਸਤ ਪਟਿਆਲਾ ਨੂੰ ਵਰਤਮਾਨ ਸਮੇਂ ਦੇ ਸਾਂਚੇ ਵਿਚ ਇਨ੍ਹਾਂ ਹੀ ਮਹਾਰਾਜਾ ਸਾਹਿਬ ਬਹਾਦਰ ਨੇ ਢਾਲਿਆ ਤੇ ਇਸ ਨੂੰ ਮੁਲਕ ਦਾ ਇਕ ਵਡਾ ਖੁਸ਼ਨੁਮਾ ਤੇ ਮਨ ਨੂੰ ਲੁਭਾਉਣ ਵਾਲਾ ਹਿਸਾ ਬਣਾਇਆ ਸੀ। ਮੋਤੀ ਬਾਗ਼, ਮਹੱਲ, ਸ਼ਾਹੀ ਸਮਾਧਾਂ, ਸੈਕ੍ਰੇਟਰੀ-ਏਟ ਬਿਲਡਿੰਗ, ਵਾਟਰ ਵਰਕਸ, ਬਿਜਲੀ ਘਰ, ਭੂਪਿੰਦਰ ਨਗਰ ਤੇ ਭੂਪਿੰਦਰ ਸਾਗਰ ਅਤੇ ਭੂਪਿੰਦਰ ਨਗਰ ਦੀਆਂ ਵਡਮੁਲੀਆਂ ਇਮਾਰਤਾਂ ਆਪ ਜੀ ਨੇ ਹੀ ਬਣਵਾਈਆਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰਾ ਮਹਾਰਾਜਾ

ਦੁਨੀਆਂ ਵਿਚ ਵਿਸ਼ੇਸ਼ ਕਰਕੇ ਵੇਖਿਆ ਜਾਂਦਾ ਹੈ ਕਿ ਬਹੁਤ ਸਾਰੇ ਮਨੁਸ਼ ਕੁਦਰਤਨ ਹੀ ਅਕਲਮੰਦ, ਜ਼ਹੀਨ ਤੇ ਹੋਣਹਾਰ ਹੁੰਦੇ ਹਨ ਪਰ ਕਿਸਮਤ ਵਲੋਂ ਇਹ ਇਤਨੇ ਵਾਂਦੇ ਰਹਿੰਦੇ ਹਨ ਕਿ ਸਾਰੀ ਆਯੂ ਵਿਚ ਭੀ ਉਨ੍ਹਾਂ ਨੂੰ ਦੁਨੀਆਂ ਅਗੇ ਆਪਣੇ ਗੁਣ ਵਿਖਾਣ ਦਾ ਸਮਾਂ ਹੀ ਨਹੀਂ ਮਿਲਦਾ ਤੇ ਇਨ੍ਹਾਂ ਦੀਆਂ ਸਾਰੀਆਂ ਅਕਲਾਂ ਤੇ ਗੁਣ ਧਰੇ ਧਰਾਏ ਰੈਹਜਾਂਦੇ ਹਨ। ਨਾ ਇਨ੍ਹਾਂ ਦਾ ਦਿਮਾਗ਼ੀ ਤਾਕਤ ਇਨ੍ਹਾਂ ਨੂੰ ਕੋਈ ਲਾਭ ਪਹੁੰਚਾ ਸਕਦੀ ਹੈ ਤੇ ਨਾ ਕੋਈ ਗੁਣ ਇਨ੍ਹਾਂ ਦੇ ਕੰਮ ਆ ਸਕਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਕੁਦਰਤ ਵਲੋਂ ਕਿਸੇ ਮਨੁਸ਼ ਨੂੰ ਅਜਿਹਾ ਬਹੁਤ ਘਟ ਸਮਾਂ ਮਿਲਦਾ ਹੈ ਕਿ ਉਹ ਆਪਣੀ ਅਕਲ ਤੇ ਗੁਣਾਂ ਨੂੰ ਦੁਨੀਆਂ ਅਗੇ ਪਰਗਟ ਕਰ ਸੱਕੇ ਤੇ ਇਨ੍ਹਾਂ ਤੋਂ ਕੁਝ ਲਾਭ ਉਠਾ ਸਕੇ। ਇਹ ਗਲਾਂ ਵਡੇ ਵਡੇ ਮਨੁਸ਼ਾਂ ਵਿਚ ਹੁੰਦੀਆਂ ਹਨ ਤੇ ਬਹੁਤ ਪਰਫੁਲਤ ਹੁੰਦੀਆਂ ਨਜ਼ਰ ਆਉਂਦੀਆਂ ਹਨ ਇਨ੍ਹਾਂ ਹੀ ਕਾਰਣਾਂ ਕਰਕੇ ਵਡੇ ਤੇ ਛੋਟੇ ਦਰਜੇ ਦੀ ਅਕਲਮੰਦੀ ਤੇ ਕਿਸਮਤ ਦਾ ਅਨੁਮਾਨ ਲਾਇਆ ਜਾਂਦਾ ਹੈ

ਮਹਾਰਾਜਾ ਭੂਪਿੰਦ੍ਰ ਸਿੰਘ ਸਾਹਿਬ ਨੂੰ ਜਿਥੇ ਕੁਦਰਤ ਨੇ ਅਕਲ ਤੇ ਗੁਣਾਂ ਦਾ ਪੁੰਜ ਬਣਾਇਆ ਸੀ, ਓਥੇ ਇਨ੍ਹਾਂ ਨੂੰ ਪਰਗਟ ਕਰਨ ਦਾ ਸਮਾਂ ਭੀ ਬਖਸ਼ਿਆ ਸੀ। ਸੁਣੋ, ਰਿਆਸਤ ਪਟਿਆਲਾ ਵਿਖੇ ਮਹਾਰਾਜਾ ਰਾਜਿੰਦਰ ਸਿੰਘ ਤਕ ਜਿਤਨੇ ਭੀ ਮਹਾਰਾਜੇ ਹੋਏ ਉਹ ਨਿਰਸੰਦੇਹ ਉਦਾਰ, ਸਖੀ ਪਰਜਾ ਪਾਲਕ ਤੇ ਚੰਗੇ ਪ੍ਰਬੰਧਕ ਹੋ ਗੁਜ਼ਰੇ ਹਨ ਤੇ ਆਪਣੇ ਆਪਣੇ ਜ਼ਮਾਨੇ ਵਿਚ ਆਪਣੇ ਨਜ਼ੀਰ ਨਹੀਂ ਰਖਦੇ ਪਰ ਇਕ ਗਲ ਅਜਿਹੀ ਸੀ ਜਿਸਨੂੰ ਸਾਰੇ ਮਹਾਰਾਜੇ ਆਪਣੇ ਦਿਲ ਵਿਚ ਹੀ ਰਖਦੇ ਰਹੇ ਤੇ ਇਸ ਨੂੰ ਜਿਊਂਦੇ ਜੀ ਪੂਰਾ ਨਾ ਕਰ ਸਕੇ। ਉਹ ਦਿਲੀ ਖਾਹਸ਼ (ਚਾਹ)ਮਾਣ, ਵਡਿਆਈ, ਅਰਾਮ, ਖੁਸ਼ੀ ਲਈ ਨਹੀਂ ਸੀ। ਇਹ ਸਭ ਚੀਜ਼ਾਂ ਉਨ੍ਹਾਂ ਕੋਲ ਮੌਜੂਦ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਗਲ ਜੇਹੜੀ ਨਹੀਂ ਸੀ, ਉਹ ਇਹ ਸੀ ਕਿ ਕਿਸੇ ਮਹਾਰਾਜੇ ਨੇ ਆਪਣੇ ਫਰਜ਼ੰਦ ਦੀ ਸ਼ਾਦੀ ਦੀ ਖੁਸ਼ੀ ਇਸ ਮਹਾਰਜੇ ਵਾਂਗ ਪ੍ਰਾਪਤ ਨਹੀਂ ਕੀਤੀ ਸੀ ।

ਮਹਾਰਾਜਿਆਂ ਨੂੰ ਹੋਰ ਨਿਆਮਤਾਂ ਤੇ ਖੁਸ਼ੀਆਂ ਬਖਸ਼ਣ ਤੋਂ ਛੁਟ ਵਾਹਿਗੁਰੂ ਨੇ ਮਹਾਰਾਜਾ ਭੂਪਿੰਦਰ ਸਿੰਘ ਨੂੰ ਉਲਾਦ ਦੀ ਬਖਸ਼ਿਸ਼ ਭੀ ਕੀਤੀ ਸੀ । ਆਪਨੇ ਔਲਾਦ ਦੀ ਸ਼ਾਦੀ ਦੀ ਖ਼ੁਸ਼ੀ ਅਪਣੀ ਅੱਖਾਂ ਨਾਲ ਵੇਖਦਿਆਂ ਹੋਇਆਂ, ਘਟ ਨਹੀਂ ਗੁਜ਼ਾਰੀ । ਇਸ ਸਿਲਸਿਲੇ ਵਿਚ ਅਸੀਂ ਤੁਹਾਨੂੰ ਸ੍ਰੀ ਮਹਾਰਾਜ ਕੁਮਾਰ ਬਿਰਜਿੰਦਰ ਸਿੰਘ ਸਾਹਿਬ ਦੀ ਸ਼ਾਦੀ ਦਾ ਇਕ ਵਾਕਿਆ ਸੁਣਾਂਦੇ ਹਾਂ, ਜਿਸਤੋਂ ਪਤਾ ਲੱਗੇਗਾ ਕਿ ਰਿਆਸਤ ਪਟਿਆਲਾ ਦੀ ਪਰਜਾ ਆਪਣੇ ਮਹਾਰਾਜੇ ਨਾਲ ਕਿਤਨਾਂ ਪਿਆਰ ਕਰਦੀ ਸੀ ।

ਸੰ: ੧੯੮੯ ਸਤ ਫੱਗਣ ਦੀ ਸ਼ੁਭ ਤਾਰੀਖ ਅਤੇ ਸ਼ੁਭ ਦਿਨ ਸੀ ਕਿ ਬਰਾਤ ਕਿਲੇ ਤੋਂ ਰਵਾਨਾ ਹੋਈ। ਸਾਰਾ ਸ਼ਹਿਰ ਦੁਲਹਨ ਦੀ ਤਰਾਂ ਸਜਿਆ ਹੋਇਆ ਸੀ । ਦੁਕਾਨਾਂ ਤੇ ਮਕਾਨਾਂ ਦੀਆਂ ਛੱਤਾਂ "ਜੀ ਆਇਆਂ" ਨੂੰ ਕਹਿਣ ਵਾਲੇ ਮਰਦ ਤੇ ਤੀਵੀਆਂ ਨਾਲ ਭਰੀਆਂ ਪਈਆਂ ਸਨ। ਬਰਾਤ ਦੇ ਅਗੇ ਸਭ ਤੋਂ ਪਹਿਲਾਂ ਸਰਕਾਰੀ ਬੈਂਡ ਖੁਸ਼ੀ ਦਾ ਤਰਾਨਾ ਬਜਾ ਰਿਹਾ ਸੀ । ਇਸ ਤੋਂ ਪਿਛੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੌਜੀ ਦਸਤਾ ਤੇ ਗਾਉਣ ਬਜਾਉਣ ਵਾਲੀਆਂ ਰੰਡੀਆਂ ਆਦਿਕ ਸਨ। ਇਨ੍ਹਾਂ ਤੋਂ ਪਿਛੇ ਤਖਤ ਰਵਾਂ ਸੀ। ਇਸ ਵਿਚ ਦੂਲਹਾ ਸਵਾਰ ਸੀ। ਇਸ ਤੋਂ ਪਿਛੇ ਬਰਾਤੀਆਂ ਦਾ ਜਲੂਸ, ਪਿਛੇ ਸੁਨਹਿਰੀ ਤੇ ਰੁਪਹਿਰੀ ਗੱਡੀ ਵਿਚ ਮਹਾਰਾਜਾ ਭੂਪਿੰਦਰ ਸਿੰਘ ਤੇ ਮਹਾਰਾਜਾ ਬੀਕਾਨੇਰ ਪਾਸ ਪਾਸ ਬੈਠੇ ਹੋਏ ਸਨ। ਜਦੋਂ ਇਹ ਜਲੂਸ ਸ਼ੇਰਾਂ ਵੇਲੇ ਦਰਵਾਜ਼ੇ ਦੇ ਪਾਸ ਪੁਜਾ, ਤਾਂ ਇਕ ਆਦਮੀ ਖ਼ੁਦਾ ਬਖ਼ਸ਼ ਨਾਮੀ ਸਰਕਾਰੀ ਬੱਘੀ ਦੇ ਨੇੜੇ ਪੁੰਜਾ ਤੇ ਦੋਹਾਂ ਮਹਾਰਾਜਿਆਂ ਦੇ ਉਪਰ ਨੂੰ ਨਛਾਵਰ ਕਰਨ ਲਗਾ। ਇਹ ਆਦਮੀ ਰੁਪਯਾਂ ਦੀਆਂ ਮੁਠੀਆਂ ਭਰ ਭਰਕੇ ਲੁਟਾ ਰਿਹਾ ਸੀ, ਕਿ ਮਹਾਰਾਜਾ ਸਾਹਿਬ ਨੇ ਇਸ਼ਾਰਾ ਕਰਕੇ ਉਸਨੂੰ ਰੋਕ ਦਿਤਾ।

ਮਹਾਰਾਜਾ ਬੀਕਾਨੇਰ ਨੇ ਇਨ੍ਹਾਂ ਦੀ ਪਰਜਾ ਦਾ ਆਪਣੇ ਰਾਜੇ ਨਾਲ ਇਤਨਾ ਪਿਆਰ ਵੇਖਕੇ ਵੱਡੀ ਹੈਰਾਨੀ ਮੰਨੀ ਤੇ ਵਡੀ ਖੁਸ਼ੀ ਪਰਗਟ ਕੀਤੀ। ਹੋਰ ਵੱਡੇ ੨ ਮਹਿਮਾਨ ਜਿਹੜੇ ਬਰਾਤ ਵਿਚ ਸ਼ਾਮਲ ਸਨ, ਇਸ ਦਾ ਇਹ ਕੰਮ ਵੇਖਕੇ ਵੱਡੇ ਖੁਸ਼ੀ ਹੋਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੱਚਿਓ! ਤੁਸੀਂ ਬਾਦਸ਼ਾਹਾਂ ਦੇ ਆਪਣ ਰਿਆਸਤ ਉਤੇ ਪਰਉਪਕਾਰ ਕੀਤੇ ਹੋਏ ਸੁਣੇ ਹੋਣਗੇ ਪਰ ਪਰਜਾ ਦੀ ਵਲੋਂ ਆਪਣੇ ਰਾਜਾ ਲਈ ਪਿਆਰ ਤੇ ਕੁਰਬਾਨੀ ਦੇ ਕੰਮ ਬਹੁਤ ਘਟ ਸੁਣੇ ਹੋਣ ਗੇ। ਇ ਕੰਮ ਭਾਂਵੇਂ ਵੇਖਣ ਵਿਚ ਕੋਈ ਵਡੀ ਗੱਲ ਨਹੀਂ ਪਰ ਜੇ ਤੁਸੀਂ ਇਸ ਨੂੰ ਧਿਆਨ ਨਾਲ ਪੜ੍ਹੋਗੇ, ਤ ਅਵੰਸ਼ ਇਸ ਸਿੱਟੇ ਤੇ ਪੁਜੋਗੇ, ਕਿ ਮਹਾਰਾਜ ਭੁਪਿੰਦਰ ਸਿੰਘ ਸਾਹਿਬ ਦੀ ਰਈਅਤ ਪਰਵਰੀ ਤੇ ਉਦਾਰਤਾ ਨੇ ਇਨ੍ਹਾਂ ਦੀ ਪਰਜਾ ਵਿਚ ਭੀ ਅਜਿਹ ਪਿਆਰ ਭਰ ਦਿਤਾ ਸੀ, ਜਿਸਦੀ ਮਿਸਾਲ ਕਿਸੇ ਹੋਰ ਥਾਂ ਘਟ ਮਿਲੇ ਗੀ। ਪਰਜਾ ਵਲੋਂ ਅਪਣਾ ਪਿਆਰ ਓਦਾਂ ਹੀ ਪਰਗਟ ਹੋ ਸਕਦਾ ਹੈ ਜਦੋਂ ਉਸ ਨਾਲ ਆਪਣੇ ਮਹਾਰਾਜੇ ਵਲੋਂ ਗਹਿਰੇ ਪਿਆਰ ਦਾ ਵਰਤਾਵਾ ਹੋ ਚੁਕਿਆ ਹੋਵੇ ਤੇ ਉਸਨੂੰ ਭੀ ਉਨ੍ਹਾਂ ਦੀ ਜ਼ਾਤ ਨਾਲ ਨਿਰਵਿਘਨ ਤੇ ਗਹਿਰਾ ਪਿਆਰ ਹੋ ਚੁਕਾ ਹੋਵੇ।

ਇਹ ਗਲ ਤੁਸੀਂ ਆਪ ਹੀ ਸੋਚ ਸਕਦੇ ਹੋ ਕਿ ਉਹ ਕੇਹੜੀ ਚੀਜ਼ ਸੀ ਜਿਸ ਨੇ ਇਕ ਛੋਟੇ ਜਹੇ ਮਨੁਸ਼ ਵਿਚ ਇਹ ਦਿਲੀ ਪਿਆਰ ਭਰ ਦਿਤਾ ਸੀ। ਬਸ ਇਹ ਉਹ ਛਿਪਿਆ ਹੋਇਆ ਵਫ਼ਾਦਾਰੀ ਤੇ ਪਿਆਰਦਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਿਆਲ ਸੀ, ਜੇਹੜਾ ਇਕ ਰਿਆਇਆ ਦੇ ਬੰਦੇ ਦੇ ਦਿਲ ਵਿਚ ਆਪਣੇ ਮਹਾਰਾਜੇ ਦੀ ਬਾਬਤ ਘਰ ਕਰ ਗਿਆ ਸੀ। ਜਦ ਤੋਂ ਇਹ ਰਿਆਸਤ ਕਾਇਮ ਹੋਈ ਹੈ, ਇਸ ਵੇਲੇ ਤੋਂ ਲੈਕੇ ਅਜ ਤੀਕ ਰਿਆਸਤ ਪਟਿਆਲਾ ਦੇ ਵਸਨੀਕ ਬਹੁਤ ਅਮਨ ਤੇ ਚੈਨ ਨਾਲ ਆਯੂ ਬਤੀਤ ਕਰਦੇ ਹਨ। ਇਸ ਅਮਨ ਅਮਾਨ ਤੇ ਸੁਲਹ ਸਲੂਕ ਵਿਚ ਹੀ ਇਹੋ ਜਹੇ ਖ਼ਿਆਲ ਕੰਮ ਕਰ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮਦਰਦੀ ਦੀ ਉੱਘੀ ਮਿਸਾਲ

ਉੱਪਰ ਦੀ ਕਹਾਣੀ ਤੋਂ ਤੁਹਾਨੂੰ ਪਤਾ ਲਗ ਗਿਆ ਹੋਵੇਗਾ ਕਿ ਰਿਆਸਤ ਪਟਿਆਲਾ ਦੀ ਪਰਜਾ ਆਪਣੇ ਬਾਦਸ਼ਾਹ ਦੇ ਉਤੋਂ ਕਿਵੇਂ ਜਾਨ ਨਿਛਾਵਰ ਕਰਦੀ ਸੀ। ਇਸ ਕਹਾਣੀ ਤੋਂ ਤੁਹਾਨੂੰ ਮਲੂਮ ਹੋਵੇਗਾ ਕਿ ਮਹਾਰਾਜਾ ਭੂਪਿੰਦਰ ਸਿੰਘ ਬਹਾਦਰ ਆਪਣੀ ਦੁਖਾਂ ਵਿਚ ਘਿਰੀ ਹੋਈ ਪਰਜਾ ਨੂੰ ਦੁਖਾਂ ਤੋਂ ਛੁਟਕਾਰਾ ਦਿਵਾਣ ਲਈ ਕਿਵੇਂ ਬੇਤਾਬ ਹੋ ਜਾਂਦਾ ਸੀ।

ਜਦੋਂ ਭੀ ਰਿਆਸਤ ਪਟਿਆਲਾ ਦੀ ਪਰਜਾ ਕਿਸੇ ਆਫ਼ਤ ਤੇ ਦੁਖ ਵਿਚ ਪੈ ਜਾਂਦੀ ਸੀ ਤਾਂ ਮਹਾਰਾਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬ ਝਟ ਇਨ੍ਹਾਂ ਦੁਖਾਂ ਨੂੰ ਨਵਿਰਤ ਕਰਨ ਹਿਤ ਉਠ ਖਲੋਂਦੇ ਸਨ ਤੇ ਉਸ ਵੇਲੇ ਤਕ ਅਰਾਮ ਕਰਕੇ ਨਹੀਂ ਬੈਠਦੇ ਸਨ ਜਦੋਂ ਤੀਕ ਇਨ੍ਹਾਂ ਦੁਖਾਂ ਨੂੰ ਦੂਰ ਨਾਂ ਕਰ ਦੇਣ।

ਕੁਝ ਚਿਰ ਹੋਇਆ, ਹਿੰਦੁਸਤਾਨ ਵਿਖੇ ਮੀਂਹ ਦੀ ਮੌਸਮ ਵਿਚ ਇਕ ਵਡਾ ਭਾਰੀ ਹੜ੍ਹ ਆਇਆ, ਦੇਸ ਵਿਚ ਚਾਰੇ ਪਾਸੇ ਵਡੀ ਭਾਰੀ ਬਾਰਸ਼ ਹੋਈ। ਸਭ ਥਾਵਾਂ ਤੇ ਨਦੀਆਂ ਨਾਲੇ ਤੇ ਦਰਿਆ ਆਦਿਕ ਸਮੁੰਦਰ ਦਾ ਰੂਪ ਧਾਰਨ ਕਰ ਗਏ। ਹਜ਼ਾਰ ਗਊਆਂ, ਮੱਝੀਆਂ, ਮਰਦ, ਤਰੀਮਤਾਂ ਤੇ ਬੱਚੇ ਆਦਿਕ ਇਸ ਡਰਾਉਣੇ ਹੜ੍ਹ ਵਿਚ ਡੁੱਬ ਗਏ। ਕਈ ਸ਼ਹਿਰਾਂ ਦੀ ਇਹ ਦਸ਼ਾ ਹੋ ਗਈ ਸੀ ਕਿ ਸੜਕਾਂ ਉਤੇ ਤਾਂਗੇ, ਬਘੀਆਂ ਤੇ ਮੋਟਰਾਂ ਦੀ ਥਾਂ ਕਿਸ਼ਤੀਆਂ ਚਲਦੀਆਂ ਸਨ। ਲਖਾਂ ਮਨੁਖ ਤੇ ਤਰੀਮਤਾਂ ਬੇਵਸੀ ਤੇ ਬੇਕਸੀ ਦੀ ਦਸ਼ਾਂ ਵਿਚ ਤਬਾਹੀ ਦੇ ਮਾਰੇ ਫਿਰ ਰਹੇ ਸਨ। ਹਿੰਦੁਸਤਾਨ ਦੀ ਅਬਾਦੀ ਵਿਸ਼ੇਸ਼ ਕਰਕੇ ਦਰਿਆਵਾਂ ਦੇ ਕਿਨਾਰਿਆਂ ਤੇ ਹੈ ਕਿਉਂਕਿ ਇਹ ਹੜ੍ਹ ਹਰ ਥਾਂ ਤੇ ਫੈਲਿਆ ਹੋਇਆ ਸੀ, ਇਸ ਕਰਕੇ ਸ਼ਾਇਦ ਹੀ ਕੋਈ ਅਜਿਹੀ ਬਸਤੀ ਹੋਵੇਗੀ ਜੇਹੜੀ ਇਸ ਦੁਖ ਵਿਚ ਘਿਰੀ ਹੋਈ ਨਾ ਹੋਵੇ। ਦਰਿਆ ਜਮਨਾ ਦਾ ਹੜ੍ਹ ਖਾਸ ਕਰਕੇ ਸਭ ਤੋਂ ਵਡਾ ਮਾਰੂ ਬਣਿਆਂ ਹੋਇਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਜ਼ਾਰਾਂ ਮਾਵਾਂ ਆਪਣੇ ਬਚਿਆਂ ਨੂੰ ਛਾਤੀ ਨਾਲ ਲਾਈ ਇਸ ਹਾੜ੍ਹ ਵਿਚ ਰੁੜੀਆਂ ਜਾ ਰਹੀਆਂ ਸਨ ਤੇ ਲੋਕ ਇਸ ਡਰੌਣੇ ਤੇ ਮਾਰੂ ਸਮੇਂ ਸਿਵਾਏ ਅਫਸੋਸ ਤੋਂ ਕਿਸੇ ਦੀ ਕੋਈ ਸਾਹਿਤਾ ਨਹੀਂ ਕਰ ਸਕਦੇ ਸਨ। ਇਸ ਸਮੇਂ ਸ਼ਹਿਰ ਪਟਿਆਲੇ ਦੀ ਨਵੀਂ ਨਦੀ ਭਿਆਨਕ ਰੂਪ ਧਾਰਨ ਕਰ ਗਈ ਤੇ ਕਈ ਦਿਨਾਂ ਤੀਕ ਖਤਰੇ ਦਾ ਕਾਰਨ ਬਣੀ ਰਹੀ। ਸ਼ਹਿਰ ਦੇ ਨੇੜੇ ਇਕ ਥਾਂ ਪੁਰ, ਇਸ ਨਦੀ ਦਾ ਬੰਧ ਟੁਟ ਗਿਆ ਤੇ ਪਾਣੀ ਬਦਰ ਰੌ ਜੇਹੜਾ ਸ਼ਹਿਰ ਦੇ ਨੇੜੇ ਹੀ ਹੈ ਆਣ ਲਗਾ ਤੇ ਇਸਨੂੰ ਭਰਨ ਤੋਂ ਉਪਰੰਤ ਸ਼ਾਹਰ ਵਲ ਤੁਰ ਪਿਆ।

ਇਸ ਸਮੇਂ ਲੋਕਾਂ ਤੇ ਦੂਹਰੀ ਆਫ਼ਤ ਸੀ। ਇਕ ਪਾਸੇ ਹੜ੍ਹ ਤੇ ਦੂਜੇ ਪਾਸੇ ਧੂਹਾ ਧੂ ਬਾਰਸ਼ਾਂ ਨੇ ਤਕਲੀਫ਼ ਖੜੀ ਕਰ ਰਖੀ ਸੀ। ਹਵਾ ਵਿਚ ਐਨੀ ਠੰਢ ਆ ਗਈ ਸੀ ਕਿ ਪੋਹ ਮਾਅ ਦੀ ਰੁੱਤ ਭੀ ਮਾਤ ਕਰ ਰਖੀ ਸੀ ਮਹਾਰਾਜਾ ਭੂਪਿੰਦਹ ਸਿੰਘ ਸਾਹਿਬ ਨੂੰ ਜਦੋਂ ਇਸ ਦੀ ਬਾਬਤ ਤਾਰ ਪਹੁੰਚੀ ਤਾਂ ਬੇ ਤਾਬ ਹੋ ਗਏ। ਝਟ ਮੋਟਰ ਤੇ ਸਵਾਰ ਹੋਕੇ ਰਾਤ ਨੂੰ ਇਕ ਵਜੇ ਦੇ ਲਗ ਪਗ ਨਦੀ ਦੇ ਕਿਨਾਰੇ ਆ ਪੁਜੇ। ਇਸ ਵੇਲੇ ਅੰਬਰ ਤੇ ਬਦਲਾਂ ਦੀ ਘਟਾ ਟੋਪ ਸੀ, ਰੌ ਜ਼ੋਰਾਂ ਤੇ ਸੀ। ਅੰਧੇਰਾ ਛਾਇਆ ਹੋਇਆ ਸੀ। ਪਾਣੀ ਰੌਲਾ ਪਾਉਂਦਾ ਰੌਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਨਾਰਿਆਂ ਨਾਲ ਜ਼ੋਰ ਨਾਲ ਟਕਰਾ ਰਿਹਾ ਸੀ। ਕਿਨਾਰੇ ਦੇ ਦਰਖਤਾਂ ਤੇ ਪੁਲਾਂ ਨਾਲ ਟਕਰਾ ਕੇ ਬਾਂਸਾਂ ਤੋਂ ਉੱਚੇ ਉਛਲ ਰਿਹਾ ਸੀ। ਉਨ੍ਹਾਂ ਮਜ਼ਦੂਰਾਂ ਦੇ ਦਿਲੀਂ, ਜੇਹੜੇ ਇਸ ਥਾਂ ਤੇ ਕੰਮ ਕਰ ਰਿਹੇ ਸੀ ਵਡੀ ਮੁਰਦਨੀ ਛਾਈ ਹੋਈ ਸੀ। ਨਦੀ ਵਿਖੇ ਲੋਕਾਂ ਦੀਆਂ ਚੀਜ਼ਾਂ ਤੇ ਝੌਂਪੜੀਆਂ ਤਰਦੀਆਂ ਹੋਈਆਂ ਵਡੀਆਂ ਤਰਸਯੋਗ ਹੋ ਰਹੀਆਂ ਸਨ। ਮਹਾਰਾਜਾ ਸਾਹਿਬ ਨੇ ਝਟਪਟ ਫੌਜ ਤੇ ਪੀ. ਡਬਲਯੂ. ਡੀ. ਦੇ ਮਹਿਕਮੇ ਵਾਲਿਆਂ ਨੂੰ ਕੁਝ ਹਦਾਇਤਾਂ ਦੇਕੇ ਇਨ੍ਹਾਂ ਨੂੰ ਥਾਉਂ ਥਾਈਂ ਨੀਯਤ ਕੀਤਾ। ਆਪ ਨੇ ਸ਼ਹਿਰ ਦੀ ਰਾਖਿਆ ਲਈ ਅਜੇਹੀਆਂ ਵਿਉਂਤਾਂ ਕੀਤੀਆਂ ਕਿ ਸ਼ਹਿਰ ਵਾਸੀਆਂ ਨੂੰ ਆਪਣੇ ਬਚਾਉ ਦਾ ਪੂਰਨ ਭਰੋਸਾ ਹੋਇਆ ਤੇ ਥੋਹੜੇ ਚਿਰ ਪਿਛੋਂ ਹੀ ਰੌ ਦਾ ਰੁਖ, ਬੇਆਬ ਤੇ ਬੰਜਰ ਜ਼ਮੀਨ ਵਲ ਫੇਰ ਦਿਤਾ। ਕਿਉਂਕਿ ਇਕ ਵਾਰ ਪੁਰਾਤਨ ਸਮੇਂ ਵਿਚ ਭੀ ਅਜਿਹਾ ਹੜ੍ਹ ਸ਼ਹਿਰ ਨੂੰ ਨੁਕਸਾਨ ਪਹੁੰਚਾ ਚੁਕਾ ਸੀ ਤੇ ਲੋਕ ਇਸ ਵੇਲੇ ਭੀ ਓਹੋ ਗਲਾਂ ਯਾਦ ਕਰਕੇ ਡਰ ਰਹੇ ਸਨ, ਪਰ ਮਹਾਰਾਜੇ ਦੇ ਆਉਣ ਪੁਰ ਸਭ ਦੀ ਢਾਰਸ ਬੰਧ ਗਈ ਤੇ ਅਰਾਮ ਨਾਲ ਬੈਠ ਗਏ। ਪਰ ਮਹਾਰਾਜਾ ਸਾਹਿਬ ਨੂੰ ਓਦੋਂ ਤੀਕ ਚੈਨ ਨਾ ਆਈ ਜਦੋਂ ਤੀਕ ਇਸ ਡਰਾਉਣੇ ਹੜ੍ਹ ਦਾ ਪੂਰੀ ਤਰਾਂ ਪਰਬੰਧ ਨਾ ਹੋ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਵਾਂ ਹਿੰਮਤ ਮਹਾਰਾਜਾ

ਹਿਜ਼ ਹਾਈਨੈੱਸ ਮਹਾਰਾਜਾ ਅਧੀਰਾਜ
ਯਾਦਵਿੰਦਰ ਸਿੰਘ ਸਾਹਿਬ
ਬਹਾਦਰ

ਤਿੰਨ ਚੀਜ਼ਾਂ ਦੁਨੀਆਂ ਵਿਚ ਅਜਿਹੀਆਂ ਹਨ, ਕਿ ਜੇ ਕਿਸੇ ਨੂੰ ਉਹ ਸਾਰੀਆਂ ਦੀਆਂ ਸਾਰੀਆਂ ਮਿਲ ਜਾਣ ਤਾਂ ਉਹ ਮਨੁਸ਼, ਆਪਣੇ ਲਈ ਤੇ ਦੁਨੀਆਂ ਦੇ ਲੋਕਾਂ ਲਈ ਭੀ, ਆਰਾਮ ਤੇ ਸੁਖਾਂ ਦੇ ਸਾਧਨ ਇਕੱਠੇ ਕਰ ਸਕਦਾ ਹੈ। ਉਹ ਤਿੰਨ ਵਸਤਾਂ ਨਿਮਨ ਲਿਖਤ ਹਨ।

੧. ਅੱਛੇ ਘਰਾਣੇ ਵਿਚ ਜਨਮ।

੨. ਕੁਦਰਤ ਨੇ ਉਸਨੂੰ ਨੇਕ ਦਿਲ ਤੇ ਚੰਗਾ ਦਿਮਾਗ਼ ਬਖਸ਼ਿਆ ਹੋਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩. ਹਰਤਰਾਂ ਨਾਲ ਉਸਨੂੰ ਵਿਦਜ ਤੇ ਕੰਮ ਕਾਰ ਭੀ ਪੂਰਨਤਾ ਨਾਲ ਸਿਖਾਏ ਗਏ ਹੋਣ।

ਇਨ੍ਹਾਂ ਗੁਣਾਂ ਦੇ ਸਦਕੇ ਅਵੱਸ਼ ਉਹ ਆਦਮੀ ਦੁਨੀਆਂ ਵਿਚੋਂ ਨਾਮ ਖੱਟ ਸਕਦਾ ਹੈ।

ਅੱਜ ਅਸੀਂ ਤੁਹਾਨੂੰ ਭਾਰਤ ਵਰਸ਼ ਦੀ ਉਸ ਉਘੀ ਹਸਤੀ ਦਾ ਹਾਲ ਸੁਣਾਂਦੇ ਹਾਂ ਜਿਸਨੇ ਵਰਤਮਾਨ ਸਮੇ ਦੇ ਹਾਲਾਂ ਦਾ ਟਾਕਰਾ ਕਰ ਦੇਹੋਏ ਇਸ ਦੁਨੀਆਂ ਵਿਖੇ ਮਾਣ ਤੇ ਜਸ ਖੱਟਿਆ ਹੈ। ਜਿਸਦੀ ਮਿਸਾਲ ਅਸਾਡੇ ਦੇਸ਼ ਵਿਚ ਘੱਟ ਹੀ ਮਿਲੇਗੀ।

ਇਸਤੋਂ ਮੁਰਾਦ ਉਸ ਉੱਘੀ ਹਸਤੀ ਤੋਂ ਹੈ,
ਜਿਨ੍ਹਾਂ ਦਾਪਵਿਤ੍ਰ ਨਾਮ

ਹਿਜ਼ ਹਾਈਨੈਸ ਮਹਾਰਾਜਾ ਅਧੀਰਾਜ ਯਾਦਵਿੰਦਰ ਸਿੰਘ ਸਾਹਿਬ ਬਹਾਦਰ ਹੈ।

ਆਪ ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਦੇ ਸਪੁੱਤਰ ਹਨ। ਆਪਦੀ ਹਕੂਮਤ ਦੀ ਵਡਿਆਈ, ਮਹਾਰਾਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਪਿੰਦਰ ਸਿੰਘ ਸਾਹਿਬ ਜੀਦੀ ਅਣਥਕ ਘਾਲਣਾ ਦਾ ਸਦਕਾ ਹੈ।

ਇਹ ਇਕ ਨ ਭੁਲਾਣ ਵਾਲੀ ਸਚਾਈ ਹੈ ਕਿ ਸਵਰਗਵਾਸੀ ਮਹਾਬਾਜ਼ਾ ਭੂਪਿੰਦਰ ਸਿੰਸ ਜੀ, ਦੁਨੀਆਂ ਦੀਆਂ ਵਡੀਆਂ ਹਸਤੀਆਂ ਵਿਚੋਂ ਸਨ। ਇਨ੍ਹਾਂ ਨੇ ਕੇਵਲ ਆਪਣੇ ਸ਼ਾਨ ਤੇ ਖਾਨਦਾਨੀ ਰਿਵਾਇਤ ਨੂੰ ਹੀ ਜ਼ਿੰਦਾ ਨਹੀ ਰਖਿਆ, ਸਗੋਂ ਇਨ੍ਹਾਂ ਨੇ ਆਪਣੀ ਦਿਲੀ ਤੇ ਦਿਮਾਗ਼ੀ ਖੂਬੀਆਂ, ਮੁਲਕੀ ਪਕਬੰਧਾਂ ਤੇ ਨੀਤਕ ਕੰਮਾਂ ਦੇ ਵਿਚ ਇਸ ਭਾਂਤ ਵਰਤਿਆ ਤੇ ਇਨ੍ਹਾਂ ਨੂੰ ਸਿਰੇ ਚਾੜ੍ਹਿਆ, ਕਿ ਹੋਰ ਕੋਈ ਭੀ ਵੱਡੇ ਦਿਮਾਗ਼ ਵਾਲਾ, ਇਨ੍ਹਾਂ ਕੰਮ ਨੂੰ ਕਰਨ ਦਾ ਹੀਆ ਨਾ ਕਰ ਸਕਿਆ।

ਇਕ ਵਡਮੁਲੀ ਚੀਜ਼ ਅਜਿਹੀ ਸੀ, ਜਿਹੜੀ ਕੁਦਰਤ ਵਲੋਂ ਇਨ੍ਹਾਂ ਨੂੰ ਨਾ ਮਲ ਸਿਈ। ਇਸਤੋਂ ਅਜਿਹਾ ਮਲੂਮ ਸੁੰਦਾ ਹੈ ਕਿ ਕੁਦਰਤ ਇਸ ਕਮੀ ਨੂੰ ਇਨ੍ਹਾਂ ਦੇ ਸਪੁਤਰ ਮਹਾਰਾਜਾ ਯਾਦਵਿੰਦਰ ਸਿੰਘ ਮਹਿਦਰ ਬਹਾਦਰ ਦੇ ਹਕ ਵਿਚ ਪੂਰਾ ਕਰਨਾ ਚਾਹੁੰਦੀ ਸੀ। ਉਹ ਦੋਲਤ ਕੀ ਸੀ ? ਵਿੱਦਿਆ ਤੇ ਵਿੱਦਿਆ ਨੂੰ ਦੇਣ ਵਾਲਾ ਗੁਰੂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਹਿਗੁਰੂ ਨੇ ਅਸਾਡੇ ਵਰਤਮਾਨ ਸਮੇਂ ਦੇ ਮਹਾਰਾਜਾ ਲਈ, ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਜੈਸੀ ਵਡੀ ਹਸਤੀ ਨੂੰ ਵਿੱਦਿਆ ਦਿਵਾਣ ਵਾਲੇ ਰਹਿਬਰ, ਗੁਰੂ ਨੀਯਤ ਕੀਤਾ। ਉਦਾਰਤਾ, ਦਿਆਲਤਾ, ਬਡਿਆਈ, ਵਿਦਵਤਾ ਤੇ ਬਹਾਦਰੀ ਦੇ ਜੌਹਰ, ਕੁਦਰਤ ਨੇ ਰਿਆਸਤ ਪਟਿਆਲੇ ਦੇ ਹਰ ਹੁਕਮਰਾਨ ਨੂੰ ਦਿਤਾ ਸੀ। ਪਰ ਤਰਬੀਅਤ ਤੇ ਵਿਦਿਆ ਅਜਿਹਾ ਵੱਡਾ ਖਜ਼ਾਨਾ, ਕਿਸੇ ਨੂੰ ਨਹੀਂ ਦਿੱਤਾ। ਇਸਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਅਸਾਡਾ ਵਰਤਮਾਨ ਮਹਾਰਾਜਾ ਹਿੰਦੁਸਤਾਨ ਦੇ ਅਸਮਾਨ ਤੇ ਸੂਰਜ ਵਤ ਚਮਕੇਗਾ, ਜਿਸਦੀਆਂ ਇਜ਼ਤ ਤੇ ਮਸ਼ਹੂਰੀ ਦੀਆਂ ਕਿਰਨਾਂ, ਬਿਜਲੀ ਵਾਂਗ ਦੁਨੀਆਂ ਦੇ ਕੋਨੇ ੨ ਵਿਚ ਚਮਕਣਗੀਆਂ।

ਇਸ ਮਸ਼ਹੂਰ ਤੇ ਹੋਣਹਾਰ ਮਹਾਰਾਜੇ ਦੀਆਂ ਨੇਕੀਆਂ ਦੀਆਂ ਕਰਨਾਂ, ਇਨ੍ਹਾਂ ਦੀ ਪਰਜਾ ਦੇ ਦੁਖਾਂ ਦੀ ਅੰਧੇਰੀਆਂ ਰਾਤਾਂ ਨੂੰ ਚਾਨਣ ਦੇਣ ਲਈ, ਸੂਰਜ ਦੀ ਤਰ੍ਹਾਂ ਜਗ ਮਗ ਰਹੀਆਂ ਹਨ। ਨਿਮਨ ਲਿਖਤ ਗੱਲਾਂ ਨੂੰ ਧਿਆਨ ਨਾਲ ਸੁਣਨ ਤੇ ਪੜ੍ਹਨ ਤੋਂ ਪਤਾ ਲਗੇਗਾ, ਕਿ ਜਿਸ ਹਸਤੀ ਦਾ ਮੁੱਢ ਹੀ ਅਜਿਹੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇਕੀਆਂ ਨਾਲ ਭਰਪੂਰ ਹੈ, ਉਸਦੇ ਭਵਿਸ਼ਤ ਕੰਮ ਵਿਚ ਕੀ ਕੀ ਗੁਣ ਹੋਣਗੇ ?

੧. ਜ਼ਿਮੀਂਦਾਰ ਤੇ ਕਿਸਾਣ, ਜੰਗਲੀ ਜਾਨਤਰਾਂ ਦੀ ਬਹੁਲਤਾ ਸੁਤੰਤਰਤਾ ਤੋਂ ਬਹੁਤ ਤੰਗ ਸਨ । ਆਪਨੇ ਪਰਜਾ ਦੇ ਦੁੱਖਾਂ ਨੂੰ ਨਵਿਰਤ ਕਰਨ ਹਿਤ ਸ਼ਿਕਾਰ ਮਾਰਨ ਜੀ ਆਮ ਖੁਲ੍ਹ ਕਰ ਦਿੱਤੀ। ਭਾਵ ਫ਼ਸਲਾਂ ਨੂੰ ਨੁਕਸਾਨ ਕਰਦੇ ਹੋਏ ਜੰਗਲੀ ਜਾਨਵਰਾਂ ਨੂੰ ਮਾਰਨ ਲਈ ਹਰ ਇਕ ਜ਼ਿਮੀਂਦਾਰ ਨੂੰ ਖੁੱਲ੍ਹ ਕਰ ਦਿੱਤੀ।

੨. ਇਕ ਵੇਰਾਂ ਖੁਸ਼ਕ ਸਾਲੀ ਦੇ ਕਾਰਨ, ਖੇਤੀ ਬਾੜੀ ਕਰਨ ਵਾਲੇ ਲੋਕਾਂ ਲਈ ਰਿਆਸਤ ਦੇ ਇਕ ਹਿੱਸੇ ਵਿਚ ਨੀਰੇ ਤੇ ਦਾਣੇ ਦੀ ਵੱਡੀ ਤਕਲੀਫ਼ ਹੋ ਗਈ। ਆਪਨੇ ਇਨ੍ਹਾਂ ਦੇ ਦੁੱਖਾਂ ਨੂੰ ਦੂਰ ਕਰਨ ਹਿਤ ਲੱਖਾਂ ਰੁਪਏ ਸਰਕਾਰੀ ਮੁਆਮਲੇ (ਢਾਲ) ਵਿੱਚੋਂ ਮਾਫ਼ ਕੀਤੇ ਤੇ ਮੁਫ਼ਤ ਨੀਰੀ ਆਦਿਕ ਸਰਕਾਰੀ ਮੋਟਰਾਂ ਰਾਹੀਂ ਇਨ੍ਹਾਂ ਪਿੰਡਾਂ ਵਿਚ ਵੰਡਿਆ ।

੩. ਪਟਿਆਲਾ ਦੀ ਮਾਇਕ ਹਾਲਤ ਨੂੰ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਜਾ ਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਹਿਤ ਸੂਰਜ ਪੁਰ (ਇਲਾਕਾ ਪੰਜੌਰ) ਵਿਖੇ ਇਕ ਸੀਮਿੰਟ ਬਣਾਉਨ ਦਾ ਵੱਡਾ ਭਾਰੀ ਕਾਰਖਾਨਾ ਬਣ ਇਆ, ਜਿਸ ਵਿਚ ਹਜ਼ਾਰਾਂ ਆਦਮੀ ਕੰਮ ਕਰਦੇ ਹਨ।

੪. ਪੇਂਡੂ ਲੋਕਾਂ ਲਈ ਮੋਟਰਾਂ ਵਿਚ ਫਿਰਨ ਤੁਰਨ ਵਾਲਾ ਹਸਪਤਾਲ ਨੀਯਤ ਕੀਤਾ ਤੇ ਸ਼ਹਿਰੀ ਵਸਤੀਆਂ ਦੀ ਅਰੋਗਤਾ ਤੇ ਸਫਾਈ ਲਈ, ਕਈ ਇਕ ਲਾਭਦਾਇਕ ਵਿਉਂਤਾਂ ਵਰਤੋਂ ਵਿਚ ਲਿਆਂਦੀਆਂ ਜਾ ਰਹੀਆਂ ਹਨ।

੫. ਲਾਹੌਰੀ ਦਰਵਾਜ਼ੇ ਦੇ ਲੇਡੀ ਡਫ਼ਰਨ ਹਸਪਤਾਲ ਦੇ ਲਾਗੇ ਇਕ ਵਡੀ ਭਾਰੀ ਇਮਾਰਤ ਬਣਾਈ ਜਾ ਰਹੀ ਹੈ, ਜੇਹੜੀ ਪਰਜਾ ਦੀ ਭਲਾਈ ਲਈ ਵਰਤੀ ਜਾਵੇਗੀ। ਹੋਰ ਕਈ ਇਕ ਗੱਲਾਂ ਸ਼ਹਿਰ ਨੂੰ ਸਾਫ਼, ਸੋਹਣਾ ਤੇ ਅਰੋਗ ਬਨਾਣ ਲਈ ਵਰਤੋਂ ਵਿਚ ਲਿਆਈਆਂ ਜਾਣ ਵਾਲੀਆਂ ਹਨ ਜਿਨ੍ਹਾਂ ਨੂੰ ਇਹ ਛੋਟੀ ਜਹੀ ਪੁਸਤਕ ਵਿਚ ਲਿਖਣਾ ਕਠਿਨ ਹੈ ਤੇ ਵਾਹਿਗੁਰੂ ਨੇ ਚਾਹਿਆ ਤਾਂ ਫੇਰ ਕਦੇ ਲਿਖਿਆ ਜਾਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬. ਮਾਹ ਜੂਨ ਸੰ: ੧੯੩੯ ਵਿਚ ਅਸਾਡੇ ਮਹਾਰਾਜਾ ਸਾਹਿਬ, ਚਾਇਲ ਤੋਂ ਕੁਝ ਵਿੱਥ ਤੇ ਝੀਲ ਗੋਰਾ ਦੇ ਕਿਨਾਰੇ ਵਾਇਸਰਾਏ ਸਾਹਿਬ ਬਹਾਦਰ ਦੇ ਨਾਲ ਸ਼ਿਕਾਰ ਖੇਡ ਰਹੇ ਸਨ। ਅਚਨਚੇਤ ਆਪ ਪਾਸ ਖਬਰ ਆਈ ਕਿ ਜੰਗਲ ਚਾਇਲ ਵਿਚ ਭਿਆਨਕ ਅੱਗ ਲਗ ਗਈ ਹੈ। ਉਸ ਵੇਲੇ ਹਵਾ ਵਡੇ ਜ਼ੋਰ ਨਾਲ ਚਲ ਰਹੀ ਸੀ ਤੇ ਹਵਾ ਦੇ ਬੁੱਲੇ ਇਸ ਅੱਗ ਨੂੰ ਹੋਰ ਵਧੇਰੇ ਭੜਕਾ ਰਹੇ ਸਨ।

ਝੀਲ ਤੋਂ ਲੈਕੇ ਸ਼ਹਿਰ ਚਾਇਲ ਤਕ ਸਾਰਾ ਜੰਗਲ ਆਤਸ਼ਬਾਜ਼ੀ ਵਾਂਗਰ ਜਲ ਰਿਹਾ ਸੀ। ਮਨੁਸ਼ ਦਾ ਤਾਂ ਕੀ ਕਹਿਣਾ, ਪੰਛੀ ਭੀ ਇਸ ਜਲਦੀ ਹੋਈ ਭੱਠੀ ਨੂੰ ਪਾਰ ਨਹੀਂ ਕਰ ਸਕਦੇ ਸਨ। ਸਚ ਪੁਛੋ ਤਾਂ ਇਹ ਜੰਗਲ ਦੀ ਅਗ, ਇਕ ਡਰੌਣਾ ਤੇ ਮਾਰੂ ਦ੍ਰਿਸ਼ ਬਣ ਰਿਹਾ ਸੀ।

ਇਸ ਡਰੌਣੀ ਖਬਰ ਨੂੰ ਸੁਣਕੇ ਫੌਰਨ ਹੀ ਅਸਾਡੇ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਬਹਾਦਰ ਝਟ ਉੱਠ ਖਲੋਤੇ ਤੇ ਹਜ਼ੂਰ ਵਾਇਸਰਾਏ ਬਹਾਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਥੋੜੀ ਜਿਹੀ ਗੱਲ ਬਾਤ ਕਰਕੇ ਉਥੋਂ ਘੋੜੇ ਤੇ ਸਵਾਰ ਹੋਕੇ ਉਸ ਰਸਤੇ ਦੇ ਉਪਰ ਪਹੁੰਚ ਗਏ, ਜਿਹੜਾ ਗੋਰਾ ਝੀਲ ਤੋਂ, ਸੱਪ ਵੱਤ ਮੋੜ ਘੋੜ ਖਾਂਦਾ ਹੋਇਆ, ਚਾਇਲ ਸ਼ਹਿਰ ਨੂੰ ਜਾਂਦਾ ਸੀ।

ਇਸਤੋਂ ਥੋੜੀ ਦੂਰ ਉਸ ਥਾਂ ਤੇ ਪੁੱਜੇ, ਜਿਥੇ ਜੰਗਲ ਵਿਚ ਚਾਰੇ ਪਾਸੇ ਅੱਗ ਹੀ ਅੱਗ ਸੀ ਤੇ ਵੱਡੇ ੨ ਦਰਖ਼ਤ, ਅੱਗ ਦੇ ਕਾਰਨ, ਆਤਿਸ਼ਬਾਜ਼ੀ ਦੇ ਗੋਲਿਆਂ ਵਾਂਗ ਫਟ ਰਹੇ ਸਨ ਤੇ ਚਾਰੇ ਪਾਸੇ ਧੂੰਏਂ ਦੇ ਬੱਦਲ ਛਾ ਰਹੇ ਸਨ।

ਹਵਾ ਦੀ ਤੇਜ਼ੀ ਨੇ ਅੱਗ ਨੂੰ ਐਨਾ ਭੜਕਾ ਰਖਿਆ ਸੀ, ਕਿ ਅੱਗ ਦੇ ਵੱਡੇ ੨ ਸ਼ੋਲਿਆਂ ਨੇ ਸਾਰੇ ਪਹਾੜ ਨੂੰ ਆਤਿਸ਼ਫਿਸ਼ਾਂ (ਜਵਾਲਾ ਮੁਖੀ) ਪਹਾੜਾਂ ਦਾ ਨਜ਼ਾਰਾ ਬਣਾ ਛੱਡਿਆ ਸੀ। ਚਾਰੇ ਪਾਸੇ ਲੋਕਾਂ ਵਿਚ ਵੱਡਾ ਭੈ ਤੇ ਜਲ ਮਰਨ ਦਾ ਡਰ ਫੈਲ ਰਹਿਆ ਸੀ।

ਮਹਾਰਾਜਾ ਸਾਹਿਬ ਨੇ ਅੱਗ ਦੀ ਕੋਈ ਪਰਵਾਹ ਨਾ ਕਰਦੇ ਹੋਏ ਅਪਣੇ ਘੋੜੇ ਦੀ ਵਾਗ ਸੰਭਾਲੀ ਤੇ ਸਰਪਟ ਛੱਡ ਦਿੱਤਾ।

ਭੜਕਦੀ ਹੋਈ ਅੱਗ ਦੇ ਚਿੰਗਾੜੇ ਤੇ ਧੂੰਏਂ ਦੇ ਬੱਦਲ, ਆਪਦੀ ਹਿੰਮਤ ਤੇ ਦਲੇਰੀ ਦਾ ਮੁਕਾਬਲਾ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय,
हरिद्वार

पुस्तक लौटाने की तिथि अन्त में अङ्कित है। इस तिथि को पुस्तक न लौटाने पर छै नये पैसे प्रति पुस्तक अतिरिक्त दिनों का अर्थदण्ड लगेगा।

१००००९५९।

ਗਹਿਰ
ਪਣੀ
ਾਂ ਦੀ
ਭਾਦ,
ਵਾ ਦਾ
ਤਾ ਤੇ
ਕੁਲ
ਗੁਣ
ਦਰ
ਲੇਰੀ
ਲਨ
ਤੀ
ਕੁੱਟ
ਲੋਂ

ਮਨੁਸ਼ ਮਾਤਰ ਨੂੰ ਦਿੱਤਾ ਜਾ ਸਕਦਾ ਹੈ,
ਉਹ ਸਭ ਕੁਝ ਅਸਾਡੇ
ਅਧੀਰਾਜ ਮਹਾਰਾਜਾ ਯਾਦਵਿੰਦਰ ਸਿੰਘ ਮਹਿੰਦਰ
ਬਹਾਦਰ ਵਿਚ ਭਰਪੂਰ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय, गुरुकुल कांगड़ी विश्वविद्यालय, हरिद्वार।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਸਕੇ ਤੇ ਆਪ ਸਹੀ ਸਲਾਮਤ ਆਪਣੇ ਸ਼ਹਿਰ ਦੀ ਰੱਖਿਆ ਕਰਨ ਲਈ ਚਾਇਲ ਪੁੱਜੇ ।

ਇਹ ਕਹਾਵਤ ਕਿ ਜਿਹੜਾ ਆਪਣੀ ਸਹਾਇਤਾ ਆਪ ਕਰਦਾ ਹੈ, ਵਾਹਿਗੁਰੂ ਉਹਨਾਂ ਦੀ ਸਾਹਇਤਾ ਕਰਦਾ ਹੈ, ਠੀਕ ਇਥੇ ਨਿਭੀ । ਭਾਵ, ਕੁਦਰਤ ਨੇ ਮਹਾਰਾਜੇ ਦੀ ਸਹਾਇਤਾ ਵਜੋਂ, ਹਵਾ ਦਾ ਰੁੱਖ ਚਾਇਲ ਵਲੋਂ ਦੂਜੀ ਵਲ ਮੋੜ ਦਿੱਤਾ ਤੇ ਮੀਂਹ ਨੇ ਆਕੇ ਇਸ ਭੜਕਦੀ ਹੋਈ ਅੱਗ ਨੂੰ ਬਿਲਕੁਲ ਠੰਡਾ ਕਰ ਦਿਤਾ ।

ਅਸਾਡੇ ਮਹਾਰਾਜੇ ਵਿਚ ਉਹ ਸਾਰੇ ਗੁਣ ਜਿਹੜੇ ਪਟਿਆਲਾ ਦੇ ਸਾਰੇ ਮਹਾਰਾਜਿਆਂ ਵਿਖੇ ਕੁਦਰਤ ਨੇ ਭਰੇ ਹੋਏ ਸਨ ਭਾਵ ਬਹਾਦੁਰੀ, ਦਲੇਰੀ ਉਦਾਰਤਾ, ਨਿਰਭੈਤਾ, ਦਿਆਲਤਾ, ਪਰਜਾ ਪਾਲਕ ਸ਼ਾਨ ਸ਼ੌਕਤ, ਮਾਣ, ਵਡਿਆਈ ਦੇਸ਼ ਭਗਤੀ ਨੀਤੀਵੇਤਾ ਆਦਿ। ਸਾਰੇ ਗੁਣ ਕੁਦਰਤ ਵਲੋਂ ਕੁੱਟ ਕੇ ਭਰੇ ਗਏ ਹਨ

ਜੋ ਭੀ ਮਾਣ ਤੇ ਵਡਿਆਈ, ਵਾਹਿਗੁਰੂ ਵਲੋਂ
ਮਨੁਸ਼ ਮਾਤਰ ਨੂੰ ਦਿੱਤਾ ਜਾ ਸਕਦਾ ਹੈ,
ਉਹ ਸਭ ਕੁਝ ਅਸਾਡੇ
ਅਧੀਰਾਜ ਮਹਾਰਾਜਾ ਯਾਦਵਿੰਦਰ ਸਿੰਘ ਮਹਿੰਦਰ
ਬਹਾਦਰ ਵਿਚ ਭਰਪੂਰ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय, गुरुकुल कांगड़ी विश्वविद्यालय,
हरिद्वार।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

EXHAUSTIVE NOTES

ON

EVERGREEN READERS I, II, III, IV

BY AN

EXPERIENCED EDUCATIONIST CONTAINING

—:o:—

(a) Complete Urdu & Punjabi Translation of all the lessons.

(b) Important stories.

(c) Questions & Answers on important paragraphs.

(d) Idoms.

(c) 8th Class Mahendra Challenge Test Papers of English Mathematic and Punjabi will be published in the month of Katak.

—:o:—

PUBLISHED BY

Bh. Mani Singh Dayal Singh,

Registered Educational Publishers,

PATIALA.

CC-0. In Public Domain. Gurukul Kangri Collection, Haridwar